Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 128 | Thursday, June 30, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਨਾਟੋ ਆਗੂਆਂ ਵੱਲੋਂ ਇਤਿਹਾਸਕ ਫੈਸਲੇ ਕਰਨ ਦਾ ਸੰਕੇਤ, ਤੈਅ ਨਹੀਂ ਹੈ ਕੈਨੇਡਾ ਦੀ ਭੂਮਿਕਾ



ਮੈਡਰਿਡ, 29 ਜੂਨ (ਪੋਸਟ ਬਿਊਰੋ) : 24 ਫਰਵਰੀ ਦੀ ਸਵੇਰ ਨੂੰ ਰੂਸ ਦੀਆਂ ਫੌਜਾਂ ਨੇ ਯੂਕਰੇਨ ਉੱਤੇ ਚੜ੍ਹਾਈ ਕਰ ਦਿੱਤੀ। ਇਹ ਹਮਲਾ ਜ਼ਮੀਨੀ , ਸਮੁੰਦਰੀ ਤੇ ਹਵਾਈ ਰਸਤੇ ਰਾਹੀਂ ਕੀਤਾ ਗਿਆ, ਮਿੰਟਾਂ ਵਿੱਚ ਹੀ ਯੂਕਰੇਨ ਦੇ ਕਈ ਸ਼ਹਿਰਾਂ ਵਿੱਚ ਹਮਲੇ ਕਾਰਨ ਉੱਥੋਂ ਦਾ ਨਕਸ਼ਾ ਹੀ ਬਦਲ ਗਿਆ। ਦੂਜੀ ਵਿਸ਼ਵ ਜੰਗ ਤੋਂ ਬਾਅਦ ਤੋਂ ਹੀ ਅਜਿਹਾ ਮੰਜ਼ਰ ਯੂਰਪ ਨੇ ਕਦੇ ਨਹੀਂ ਸੀ ਵੇਖਿਆ।

ਇਸ ਹਮਲੇ ਦੇ ਸ਼ੁਰੂ ਹੋਣ ਤੋਂ ਲੈ ਕੇ ਆਉਣ ਵਾਲੇ ਕਈ ਮਹੀਨਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮਾਰੇ ਜਾ ਚੁੱਕੇ ਹਨ, ਕਈ ਮਿਲੀਅਨ ਲੋਕ ਬੇਘਰ ਹੋ ਚੁੱਕੇ ਹਨ, ਕਈਆਂ ਥਾਂਵਾਂ ਉੱਤੇ ਸੋਕਾ ਪੈ ਗਿਆ ਹੈ, ਫਿਊਲ ਦੀ ਘਾਟ ਪੈਦਾ ਹੋ ਚੁੱਕੀ ਹੈ ਤੇ ਗੱਲ ਕੀ ਇਸ ਨਾਲ ਪੂਰੀ ਦੁਨੀਆ ਦੇ ਹਾਲਾਤ ਹੀ ਬਦਲ ਗਏ ਹਨ।

ਹੁਣ ਸਪੇਨ ਵਿੱਚ ਚੱਲ ਰਹੀ ਵਿਸ਼ਵ ਦੇ ਉੱਘੇ ਆਗੂਆਂ ਦੀ ਸਿਖਰ ਵਾਰਤਾ ਵਿੱਚ ਨੌਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਗੱਠਜੋੜ ਨੂੰ ਓਵਰਹਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।ਪਰ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਨਵੀਂ ਰਣਨੀਤੀ ਵਿੱਚ ਕੈਨੇਡਾ ਨੂੰ ਕਿਹੋ ਜਿਹੀ ਭੂਮਿਕਾ ਨਿਭਾਉਣੀ ਹੋਵੇਗੀ।

ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਦਾ ਕਿਸ ਤਰ੍ਹਾਂ ਜਵਾਬ ਦਿੱਤਾ ਜਾਵੇ ਇਸ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਨਾਟੋ ਆਗੂ ਮੈਡਰਿਡ ਵਿੱਚ ਇੱਕਠੇ ਹੋਏ ਹਨ। ਨਾਟੋ ਦੇ ਸਕੱਤਰ ਜਨਰਲ ਜੈਂਸ ਸਟੋਲਨਬਰਗ ਨੇ ਬੁੱਧਵਾਰ ਨੂੰ ਸਿਖਰ ਵਾਰਤਾ ਵਿੱਚ ਪਹੁੰਚਣ ਉਪਰੰਤ ਆਖਿਆ ਕਿ ਦੂਜੀ ਵਿਸ਼ਵ ਜੰਗ ਤੋਂ ਬਾਅਦ ਇਸ ਤਰ੍ਹਾਂ ਦਾ ਸੰਕਟ ਪਹਿਲੀ ਵਾਰੀ ਪੈਦਾ ਹੋਇਆ ਹੈ ਤੇ ਇਸ ਦੇ ਸਕਿਊਰਿਟੀ ਸੰਕਟ ਦਰਮਿਆਨ ਅਸੀਂ ਪਹਿਲੀ ਵਾਰੀ ਮੁਲਾਕਾਤ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਇਸ ਵਾਰਤਾ ਦੌਰਾਨ ਕਈ ਇਤਿਹਾਸਕ ਫੈਸਲੇ ਲਏ ਜਾਣਗੇ ਤੇ ਇਸ ਵਾਰਤਾ ਤੋਂ ਬਾਅਦ ਕਈ ਤਬਦੀਲੀਆਂ ਵੇਖਣ ਨੂੰ ਮਿਲਣਗੀਆਂ। ਇਸ ਮੀਟਿੰਗ ਤੋਂ ਇਲਾਵਾ ਵੱਖਰੀ ਮੀਟਿੰਗ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੈਂਸਕੀ ਵੱਲੋਂ ਵੀ ਇਨ੍ਹਾਂ ਆਗੂਆਂ ਨੂੰ ਸੰਬੋਧਤ ਕਰਨ ਦੀ ਉਮੀਦ ਹੈ।

## ਗੰਨ ਹਿੰਸਾ ਰੋਕਣ ਲਈ ਫੈਡਰਲ ਸਰਕਾਰ ਨੇ ਕੀਤਾ 12 ਮਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ




ਓਟਵਾ, 29 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ 12 ਮਿਲੀਅਨ ਡਾਲਰ ਟੋਰਾਂਟੋ ਦੀਆਂ ਉਨ੍ਹਾਂ ਕਮਿਊਨਿਟੀ ਆਰਗੇਨਾਈਜ਼ੇਸ਼ਨਜ਼ ਨੂੰ ਦਿੱਤਾ ਜਾ ਰਿਹਾ ਹੈ ਜਿਨ੍ਹਾਂ ਦਾ ਮੁੱਖ ਟੀਚਾ ਗੰਨਜ਼ ਤੇ ਗੈਂਗ ਹਿੰਸਾ ਨੂੰ ਰੋਕਣਾ ਹੀ ਨਹੀਂ ਸਗੋਂ ਇਸ ਸਮੱਸਿਆ ਨੂੰ ਜੜ੍ਹ ਤੋਂ ਖ਼ਤਮ ਕਰਨਾ ਹੈ।

ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੋਸਿਨੋ ਨੇ ਮੇਅਰ ਜੌਹਨ ਟੋਰੀ ਦੇ ਨਾਲ ਇਸ ਸਬੰਧ ਵਿੱਚ ਐਲਾਨ ਕੀਤਾ।ਉਨ੍ਹਾਂ ਆਖਿਆ ਕਿ ਇਹ ਫੰਡਿੰਗ ਬਿਲਡਿੰਗ ਸੇਫਰ ਕਮਿਊਨਿਟੀਜ਼ ਫੰਡ ਵੱਲੋਂ ਆਵੇਗੀ ਤੇ ਇਸ ਫੰਡ ਨਾਲ ਉਨ੍ਹਾਂ ਨੌਜਵਾਨਾਂ ਦੀ ਮਦਦ ਲਈ ਪੇਸ਼ਕਦਮੀਆਂ ਕੀਤੀਆਂ ਜਾਣਗੀਆਂ ਜਿਹੜੇ ਗੈਂਗ ਦਾ ਮੈਂਬਰ ਬਣਨ ਦੀ ਕਗਾਰ ਉੱਤੇ ਹਨ ਤੇ ਜਾਂ ਫਿਰ ਅਜਿਹਾ ਗਲਤ ਫੈਸਲਾ ਕਰ ਚੁੱਕੇ ਹਨ।

ਸਿਟੀ ਵਿੱਚ ਗੰਨ ਹਿੰਸਾ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦਿਆਂ ਹੋਇਆਂ ਇਹ ਫੈਸਲਾ ਕੀਤਾ ਗਿਆ ਹੈ। 2022 ਵਿੱਚ 200 ਦੇ ਨੇੜੇ ਤੇੜੇ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਗੰਨਜ਼ ਦੀ ਵਰਤੋਂ ਕੀਤੀ ਗਈ ਹੋਵੇ ਤੇ ਜਿਸ ਕਾਰਨ 95 ਲੋਕਾਂ ਦੀ ਮੌਤ ਹੋ ਗਈ ਜਾਂ ਉਹ ਜ਼ਖ਼ਮੀ ਹੋ ਗਏ। ਹੁਣ ਤੱਕ ਗੰਨ ਹਿੰਸਾ ਕਾਰਨ 24 ਮੌਤਾ ਹੋ ਚੁੱਕੀਆਂ ਹਨ ਤੇ ਪਿਛਲੇ ਸਾਲ ਦੇ ਇਸ ਅਰਸੇ ਦੇ ਮੁਕਾਬਲੇ ਅਜਿਹੇ ਮਾਮਲਿਆਂ ਵਿੱਚ 41.2 ਫੀ ਸਦੀ ਵਾਧਾ ਵੇਖਣ ਨੂੰ ਮਿਲਿਆ ਹੈ।

ਇੱਕ ਹਫਤੇ ਪਹਿਲਾਂ ਫਾਦਰਜ਼ ਡੇਅ ਮੌਕੇ ਸਾਰਾ ਦਿਨ ਵਾਪਰੀਆਂ ਵਾਰਦਾਤਾਂ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਚਾਰ ਵੱਖੋ ਵੱਖ ਮਾਮਲਿਆਂ ਵਿੱਚ ਸੱਤ ਵਿਅਕਤੀ ਹੋਰ ਜ਼ਖ਼ਮੀ ਹੋ ਗਏ। ਮੈਂਡੋਸਿਨੋ ਨੇ ਆਖਿਆ ਕਿ ਨਜ਼ਦੀਕੀ ਪਾਰਟਨਰ ਵਾਇਲੰਸ ਤੇ ਗੰਨ ਵਾਇਲੰਸ ਵਿੱਚ ਵਾਧਾ ਹੋਣ ਦੇ ਖਤਰਨਾਕ ਅੰਕੜੇ ਵੀ ਮਿਲ ਰਹੇ ਹਨ ਤੇ ਘਰੇਲੂ ਹਿੰਸਾ ਵਿੱਚ ਵੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਉਨ੍ਹਾਂ ਆਖਿਆ ਕਿ ਇਸ ਨਵੇਂ ਫੰਡ ਨਾਲ ਉਨ੍ਹਾਂ ਥਾਂਵਾਂ ਉੱਤੇ ਨਿਵੇਸ਼ ਕੀਤਾ ਜਾਵੇਗਾ ਜਿੱਥੇ ਇਸ ਦੀ ਸੱਭ ਤੋਂ ਵੱਧ ਲੋੜ ਹੋਵੇਗੀ। ਜਿਹੜੀਆਂ ਕਮਿਊਨਿਟੀਜ਼ ਨੂੰ ਸੱਭ ਤੋਂ ਵੱਧ ਖਤਰਾ ਹੈ ਉਨ੍ਹਾਂ ਨੂੰ ਸਮੇਂ ਸਿਰ ਮਦਦ ਮਿਲਣੀ ਯਕੀਨੀ ਬਣਾਈ ਜਾਵੇਗੀ।

## ਜੁਲਾਈ ਤੇ ਅਗਸਤ 'ਚ ਫਲਾਈਟਸ ਘਟਾਵੇਗੀ ਏਅਰ ਕੈਨੇਡਾ




ਓਟਵਾ, 29 ਜੂਨ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਜੁਲਾਈ ਤੇ ਅਗਸਤ ਵਿੱਚ ਫਲਾਈਟਸ ਘਟਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਇਹ ਜਾਣਕਾਰੀ ਕੰਪਨੀ ਦੇ ਪ੍ਰੈਜ਼ੀਡੈਂਟ ਵੱਲੋਂ ਦਿੱਤੀ ਗਈ। ਏਅਰਲਾਈਨ ਨੂੰ ਅਜੇ ਵੀ ਕਸਟਮਰ ਸਰਵਿਸ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਈਕਲ ਰੂਸੋ ਨੇ ਦੱਸਿਆ ਕਿ ਗਲੋਬਲ ਪੱਧਰ ਉੱਤੇ ਸਾਡੀ ਇੰਡਸਟਰੀ ਦਾ ਕੰਮਕਾਜ ਪਹਿਲਾਂ ਵਾਂਗ ਨਹੀਂ ਚੱਲ ਰਿਹਾ ਤੇ ਇਸ ਨਾਲ ਸਾਡੇ ਆਪਰੇਸ਼ਨਜ਼ ਉੱਤੇ ਅਸਰ ਪੈ ਰਿਹਾ ਹੈ। ਅਸੀਂ ਪਹਿਲਾਂ ਵਾਂਗ ਲੋਕਾਂ ਦੀ ਸੇਵਾ ਨਹੀਂ ਕਰ ਪਾ ਰਹੇ। ਉਨ੍ਹਾਂ ਆਖਿਆ ਕਿ ਹੁਣ ਜਦੋਂ ਗਰਮੀਆਂ ਵਿੱਚ ਟਰੈਵਲ ਆਪਣੇ ਚਰਮ ਉੱਤੇ ਹੈ ਤਾਂ ਸਟਾਫ ਦੀ ਘਾਟ ਕਾਰਨ ਏਅਰਲਾਈਨ ਵੱਲੋਂ ਫਲਾਈਟਸ ਘਟਾਈਆਂ ਜਾਣਗੀਆਂ।ਇਸ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ। ਉਨ੍ਹਾਂ ਆਖਿਆ ਕਿ ਮਹਾਂਮਾਰੀ ਸਬੰਧੀ ਟਰੈਵਲਿੰਗ ਉੱਤੇ ਲੱਗੀਆਂ ਪਾਬੰਦੀਆਂ ਲਗਾਤਾਰ ਹਟਾਈਆਂ ਜਾਣ ਕਾਰਨ ਵੀ ਸਾਡੇ ਉੱਤੇ ਕੰਮ ਦਾ ਬੋਝ ਵੱਧ ਗਿਆ ਹੈ।

ਏਅਰ ਕੈਨੇਡਾ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਕੰਪਨੀ ਜੁਲਾਈ ਤੇ ਅਗਸਤ ਦੇ ਮਹੀਨੇ ਲਈ ਆਪਣੇ ਸ਼ਡਿਊਲ ਵਿੱਚੋਂ ਰੋਜ਼ਾਨਾ 154 ਫਲਾਈਟਸ ਘਟਾਵੇਗੀ। ਇਸ ਤਬਦੀਲੀ ਤੋਂ ਪਹਿਲਾਂ ਏਅਰ ਕੈਨੇਡਾ ਨੇ ਆਖਿਆ ਸੀ ਕਿ ਉਹ ਰੋਜ਼ਾਨਾ 1,000 ਫਲਾਈਟਸ ਆਪਰੇਟ ਕਰੇਗੀ। ਇਸ ਫੈਸਲੇ ਕਾਰਨ ਜਿਨ੍ਹਾਂ ਰੂਟਸ ਉੱਤੇ ਸੱਭ ਤੋਂ ਵੱਧ ਅਸਰ ਪਵੇਗਾ ਉਹ ਹਨ ਟੋਰਾਂਟੋ ਤੇ ਮਾਂਟਰੀਅਲ ਏਅਰਪੋਰਟਸ ਤੋਂ ਆਉਣ ਜਾਣ ਵਾਲੀਆਂ ਫਲਾਈਟਸ।ਬੁਲਾਰੇ ਨੇ ਇਹ ਵੀ ਦੱਸਿਆ ਕਿ ਏਅਰਲਾਈਨ ਆਰਜ਼ੀ ਤੌਰ ਉੱਤੇ ਮਾਂਟਰੀਅਲ ਤੋਂ ਪਿਟਸਬਰਗ, ਬਾਲਟੀਮੋਰ ਤੇ ਕੈਲੋਨਾ ਦਰਮਿਆਨ ਫਲਾਈਟਸ ਨੂੰ ਵੀ ਸਸਪੈਂਡ ਕਰੇਗੀ। ਬਹੁਤੀਆਂ ਕੌਮਾਂਤਰੀ ਉਡਾਨਾਂ ਉੱਤੇ ਕੋਈ ਅਸਰ ਨਹੀਂ ਪਵੇਗਾ, ਉਨ੍ਹਾਂ ਦਾ ਸਮਾਂ ਜ਼ਰੂਰ ਬਦਲ ਸਕਦਾ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

## ਕੈਨੇਡਾ ਵਿੱਚ ਰੱਦ ਜਾਂ ਡਿਲੇਅ ਹੋਈਆਂ ਬਹੁਤੀਆਂ ਘਰੇਲੂ ਉਡਾਨਾਂ



ਓਟਵਾ, 29 ਜੂਨ (ਪੋਸਟ ਬਿਊਰੋ) : ਤਾਜ਼ਾ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਕੈਨੇਡਾ ਦੇ ਕੁੱਝ ਮੁੱਖ ਏਅਰਪੋਰਟਸ ਤੋਂ ਘਰੇਲੂ ਫਲਾਈਟਸ ਜਾਂ ਤਾਂ ਰੱਦ ਕਰ ਦਿੱਤੀਆਂ ਗਈਆਂ ਤੇ ਜਾਂ ਫਿਰ ਉਨ੍ਹਾਂ ਵਿੱਚ ਦੇਰ ਹੋਈ। ਫਰੈਡਰਿਕਟਨ, ਨਿਊ ਬਰੰਜ਼ਵਿੱਕ ਵਿੱਚ ਸਥਿਤ ਡਾਟਾ ਸਟਰੈਟੇਜੀ ਏਜੰਸੀ ਡਾਟਾਵਾਜ਼ੋਂ ਵੱਲੋਂ ਉਸ ਸਮੇਂ ਤੋਂ ਇਹ ਡਾਟਾ ਇੱਕਠਾ ਕੀਤਾ ਜਾ ਰਿਹਾ ਹੈ ਜਦੋਂ ਤੋਂ ਕੈਨੇਡਾ ਦੇ ਏਅਰਪੋਰਟਸ ਉੱਤੇ ਹੋਣ ਵਾਲੀ ਲੰਮੀਂ ਦੇਰ ਕਾਰਨ ਫਲਾਈਟਸ ਵਿੱਚ ਦੇਰ ਹੋਣ ਲੱਗੀ। ਅਜਿਹਾ ਇਸ ਲਈ ਵੀ ਹੋ ਰਿਹਾ ਹੈ ਕਿਉਂਕਿ ਇੱਕ ਤਾਂ ਸਮਰ ਟਰੈਵਲ ਵਿੱਚ ਵਾਧਾ ਹੋਇਆ ਹੈ ਤੇ ਦੂਜਾ ਏਅਰਪੋਰਟਸ ਕੋਲ ਵੀ ਪੂਰਾ ਸਟਾਫ ਨਹੀਂ ਹੈ। ਜ਼ਿਕਰਯੋਗ ਹੈ ਕਿ 20 ਜੂਨ ਨੂੰ ਫੈਡਰਲ ਸਰਕਾਰ ਵੱਲੋਂ ਪਲੇਨ ਤੇ ਟਰੇਨ ਰਾਹੀਂ ਸਫਰ ਕਰਨ ਵਾਲੇ ਘਰੇਲੂ ਤੇ ਇੰਟਰਨੈਸ਼ਨਲ ਟਰੈਵਲਰਜ਼ ਲਈ ਵੈਕਸੀਨੇਸ਼ਨ ਦਾ ਸਬੂਤ ਮੁਹੱਈਆ ਕਰਵਾਏ ਜਾਣ ਦੀ ਸ਼ਰਤ ਤੋਂ ਛੋਟ ਦਿੱਤੀ ਗਈ ਸੀ।

ਟੂਰਿਜ਼ਮ ਤੇ ਏਅਰਲਾਈਨ ਸੈਕਟਰਜ਼ ਵੱਲੋਂ ਪਾਏ ਗਏ ਦਬਾਅ ਤੋਂ ਬਾਅਦ ਚੁੱਕੇ ਗਏ ਇਸ ਕਦਮ ਤੋਂ ਇੰਜ ਲੱਗ ਰਿਹਾ ਸੀ ਕਿ ਇਸ ਨਾਲ ਸਟਾਫ ਦੇ ਪੱਧਰ ਵਿੱਚ ਵਾਧਾ ਕਰਨ ਵਿੱਚ ਮਦਦ ਮਿਲੇਗੀ। ਪਰ ਪਾਰਲੀਆਮੈਂਟ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਤੇ ਪ੍ਰਾਪਤ ਖਬਰਾਂ ਅਨੁਸਾਰ ਅੰਕੜੇ ਦਰਸਾਉਂਦੇ ਹਨ ਕਿ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀਬੀਐਸਏ) ਕੋਲ ਪਹਿਲੀ ਮਈ, 2022 ਤੱਕ ਕੈਨੇਡਾ ਦੇ ਏਅਰਪੋਰਟਸ ਉੱਤੇ 1904 ਅਧਿਕਾਰੀ ਕੰਮ ਕਰ ਰਹੇ ਸਨ ਜੋ ਕਿ ਪਹਿਲੀ ਜਨਵਰੀ 2020 ਨੂੰ ਕੰਮ ਕਰ ਰਹੇ 2033 ਅਧਿਕਾਰੀਆਂ ਤੋਂ ਘੱਟ ਸਨ ਤੇ ਪਹਿਲੀ ਜਨਵਰੀ 2016 ਨੂੰ ਕੰਮ ਕਰ ਰਹੇ 1981 ਤੋਂ ਵੀ ਘੱਟ ਸਨ।

4 ਮਈ, 2022 ਨੂੰ ਸੀਬੀਐਸਏ ਦੇ 103 ਕਰਮਚਾਰੀ ਆਪਣੇ ਵੈਕਸੀਨੇਸ਼ਨ ਸਟੇਟਸ ਕਾਰਨ ਬਿਨਾ ਤਨਖਾਹ ਛੁੱਟੀ ਉੱਤੇ ਸਨ। ਇਸ ਦੌਰਾਨ ਦਸਤਾਵੇਜ਼ ਦਰਸਾਉਂਦੇ ਹਨ ਕਿ ਕੈਨੇਡੀਅਨ ਏਅਰ ਟਰਾਂਸਪੋਰਟ ਸਕਿਊਰਿਟੀ ਅਥਾਰਟੀ (ਸੀਏਟੀਐਸਏ) ਵੱਲੋਂ ਥਰਡ ਪਾਰਟੀ ਕਾਂਟਰੈਕਟਰ ਰਾਹੀਂ 6867 ਲੋਕਾਂ ਨੂੰ ਏਅਰਪੋਰਟ ਸਕਿਊਰਿਟੀ ਸਕਰੀਨਿੰਗ ਲਈ ਕੰਮ ਕਰਨ ਵਾਸਤੇ ਤਾਇਨਾਤ ਕੀਤਾ ਗਿਆ। ਜੋ ਕਿ ਪਹਿਲੀ ਜਨਵਰੀ, 2020 ਤੋਂ ਇਹ ਕੰਮ ਕਰਨ ਵਾਲੇ 7420 ਅਧਿਕਾਰੀਆਂ ਦੇ ਮੁਕਾਬਲੇ ਘੱਟ ਹਨ।

## ਮੁੜ 30 ਸਤੰਬਰ ਤੱਕ ਵਧਾਈਆਂ ਗਈਆਂ ਬਾਰਡਰ ਪਾਬੰਦੀਆਂ

ਓਟਵਾ, 29 ਜੂਨ (ਪੋਸਟ ਬਿਊਰੋ) : ਬੁੱਧਵਾਰ ਨੂੰ ਫੈਡਰਲ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕੈਨੇਡਾ ਵਿੱਚ ਦਾਖਲ ਹੋਣ ਉੱਤੇ ਲਾਈਆਂ ਗਈਆਂ ਬਾਰਡਰ ਪਾਬੰਦੀਆਂ 30 ਸਤੰਬਰ ਤੱਕ ਜਾਰੀ ਰਹਿਣਗੀਆਂ।

ਇਸ ਤੋਂ ਭਾਵ ਹੈ ਕਿ ਦੇਸ਼ ਵਿੱਚ ਦਾਖਲ ਹੋਣ ਲਈ ਵਿਦੇਸ਼ੀ ਟਰੈਵਲਰਜ਼ ਨੂੰ ਅਜੇ ਵੀ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ।ਇਸ ਤੋਂ ਇਲਾਵਾ ਜਿਹੜੇ ਕੈਨੇਡੀਅਨਜ਼ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਜਾਂ ਪਰਮਾਨੈਂਟ ਰੈਜ਼ੀਡੈਂਟਸ ਨੂੰ ਵਿਦੇਸ਼ ਤੋਂ ਕੈਨੇਡਾ ਦਾਖਲ ਹੋਣ ਸਮੇਂ ਕੋਵਿਡ-19 ਲਈ ਕਰਵਾਏ ਗਏ

...ਬਾਕੀ ਪੰਨਾ 4 'ਤੇ

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licenced Exterminator

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Exclusive Deal
ON THIS CANADA DAY
$4799
PLUS TAX
GRAB A FREE GIFT WITH
THIS PACKAGE
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਜਦ ਤੱਕ ਚੱਲੂ ਇਹ ਸੈਸ਼ਨ ਅਸੈਂਬਲੀ ਦਾ,
ਖਬਰ ਤਾਂ ਨਵੀਂ ਤੋਂ ਨਵੀਂ ਹੀ ਆਊ ਮੀਆਂ।
ਆਪੋਜ਼ੀਸ਼ਨ ਦਾ ਫਰਜ਼ ਜਦ ਮਾਰ ਕਰਨਾ,
ਲਾ-ਲਾ ਜ਼ੋਰ ਇਹ ਫਰਜ਼ ਨਿਭਾਊ ਮੀਆਂ।
ਰਹਿਣਗੇ ਚੁੱਪ ਨਹੀਂ ਮੂਹਰੇ ਸਰਕਾਰ ਵਾਲੇ,
ਮੋੜਵੀਂ ਭਾਜੀ ਵੀ ਕੋਈ ਫਿਰ ਪਾਊ ਮੀਆਂ।
ਕੋਈ ਤਾਂ ਬਾਤ ਸਬੂਤਾਂ ਨਾਲ ਹੋਊ ਕਹਿੰਦਾ,
ਹਵਾਈ ਕਬੂਤਰ ਵੀ ਕੋਈ ਉਡਾਊ ਮੀਆਂ।
ਤੜਕਾ ਲਾ ਕੇ ਆਊ ਫਿਰ ਖਬਰ ਰਿੜ੍ਹਦੀ,
ਜੰਗੀ ਮੋਰਚੇ ਜਿਹਾ ਹੋਊਗਾ ਅਸਰ ਮੀਆਂ।
ਜਿਹਦਾ ਨਾਂਅ ਤੇ ਖਬਰ ਨਹੀਂ ਗਈ ਛਾਪੀ,
ਉਹ ਵੀ ਲੱਗੂਗਾ ਕੱਢਣ ਨੂੰ ਕਸਰ ਮੀਆਂ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਮਾਨ ਵੱਲੋਂ ਰਾਜ ਵਿੱਚ ਭ੍ਰਿਸ਼ਟਾਚਾਰੀ ਲੋਕਾਂ ਕੋਲੋਂ ਇੱਕ-ਇੱਕ ਪੈਸਾ ਵਸੂਲਣ ਦਾ ਐਲਾਨ

### * ਰਾਜ ਸਭਾ ਮੈਂਬਰਾਂ ਬਾਰੇ ਆਲੋਚਨਾ ਦਾ ਵੀ ਤਿੱਖਾ ਜਵਾਬ ਦਿੱਤਾ

ਚੰਡੀਗੜ੍ਹ, 29 ਜੂਨ, (ਪੋਸਟ ਬਿਊਰੋ)- ਪੰਜਾਬ ਦੇਮੁੱਖ ਮੰਤਰੀ ਭਗਵੰਤ ਮਾਨ ਨੇ ਭ੍ਰਿਸ਼ਟਾਚਾਰਵਿੱਚ ਨੱਕੋ-ਨੱਕ ਡੁੱਬੇ ਹੋਏ ਵਿਰੋਧੀ ਧਿਰ ਦੇ ਆਗੂਆਂ ਦੀ ਆਲੋਚਨਾ ਕਰਦਿਆਂ ਅੱਜ ਵਿਧਾਨ ਸਭਾ ਵਿੱਚ ਕਿਹਾ ਕਿ ਭ੍ਰਿਸ਼ਟ ਸਿਆਸਤਦਾਨਾਂ ਤੇ ਅਫ਼ਸਰਾਂ ਦੇ ਗੱਠਜੋੜ ਤੋਂ ਲੋਕਾਂ ਦਾ ਲੁੱਟਿਆ ਹੋਇਆ ਇੱਕ-ਇੱਕ ਪੈਸਾ ਵਸੂਲ ਕੀਤਾ ਜਾਵੇਗਾ।ਉਨ੍ਹਾ ਕਿਹਾ, "ਮੈਂ ਇਸ ਅਜ਼ੀਮ ਸਦਨ ਵਿੱਚਪ੍ਰਣ ਲੈਂਦਾ ਹਾਂ ਕਿ ਭ੍ਰਿਸ਼ਟ ਆਗੂ ਕਿਸੇ ਵੀ ਵੱਡੀ ਜਾਂ ਛੋਟੀ ਸਿਆਸੀ ਪਾਰਟੀਵਿੱਚਚਲੇ ਜਾਣ, ਮੇਰੀ ਸਰਕਾਰ ਉਨ੍ਹਾਂ ਵੱਲੋਂ ਪੰਜਾਬ ਤੇ ਪੰਜਾਬੀਆਂ ਵਿਰੁੱਧ ਕੀਤੇ ਪਾਪ ਕਦੇ ਮੁਆਫ਼ ਨਹੀਂ ਕਰੇਗੀ।" ਰਾਜ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਪੰਜਾਬ ਦੇ ਬਜਟਦੀ ਬਹਿਸ ਨੂੰ ਸਮੇਟਦੇ ਵਕਤਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਿਸ ਕਿਸੇ ਨੇ ਲੋਕਾਂ ਦਾ ਪੈਸਾ ਲੁੱਟਿਆ ਹੈ, ਉਸ ਨੂੰ ਉਸ ਦੀ ਕੀਮਤ ਚੁਕਾਉਣੀ ਪਵੇਗੀ ਤੇ ਰਾਜ ਸਰਕਾਰ ਏਦਾਂ ਦੇ ਲੋਕਾਂ ਨੂੰ ਜੇਲ੍ਹ ਵਿੱਚ ਭੇਜਣ ਤੋਂ ਕਸਰ ਨਹੀਂ ਛੱਡੇਗੀ। ਅੱਜ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਉਨ੍ਹਾਂ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਲੋਕਾਂ ਨੂੰ ਸਾਫ-ਸੁਥਰਾ, ਪਾਰਦਰਸ਼ੀ ਅਤੇ ਪ੍ਰਭਾਵੀ ਪ੍ਰਸ਼ਾਸਨ ਦੇਣਲਈ ਮਹਾਰਾਜਾ ਰਣਜੀਤ ਸਿੰਘ ਦੇ ਨਕਸ਼ੇ-ਕਦਮ ਉੱਤੇ ਚੱਲੇਗੀ। ਉਨ੍ਹਾਂ ਕਿਹਾ ਕਿ ਬੇਨਾਮੀ ਜਾਇਦਾਦ ਤੇ ਇਸ ਦੇ ਪਿੱਛੇ ਭ੍ਰਿਸ਼ਟ-ਤੰਤਰ ਦਾ ਪਰਦਾ ਲੋਕਾਂਸਾਹਮਣੇਫਾਸ਼ ਕੀਤਾ ਜਾਵੇਗਾ ਤਾਂ ਕਿ ਬਾਕੀ ਲੋਕ ਅਜਿਹੇ ਗੈਰ-ਕਾਨੂੰਨੀ ਕੰਮਾਂ ਵਿੱਚ ਪੈਣ ਤੋਂ ਪਹਿਲਾਂ ਸੌ ਵਾਰ ਸੋਚਣ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕਿਹਾ ਕਿ ਜਿਨ੍ਹਾਂ ਨੇ ਬੇਰਹਿਮੀ ਨਾਲ ਲੋਕਾਂ ਦਾ ਪੈਸਾ ਲੁੱਟਿਆ ਹੈ, ਉਹ ਆਪਣੇ ਗੁਨਾਹਾਂ ਦੀ ਸਜ਼ਾ ਤੋਂ ਬਚਣ ਲਈ ਪਨਾਹ ਲੱਭਦੇ ਪਏ ਹਨ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਵਿੱਚ ਜਿਹੜੇ ਸਿਆਸੀ



ਆਗੂਆਂ ਦੇ ਨਾਂ ਹਾਲੇ ਨਹੀਂ ਆਏ, ਉਹ ਵੀ ਸ਼ਰਣ ਲੈਣ ਲਈ ਹੱਥ-ਪੈਰ ਮਾਰਦੇ ਹਨ, ਇਹ ਉਨ੍ਹਾਂ ਦੇ ਕੀਤੇ ਗੁਨਾਹਾਂ ਦੇ ਖ਼ੌਫ਼ ਨੂੰ ਜ਼ਾਹਰ ਕਰਦਾ ਹੈ। ਭਗਵੰਤ ਮਾਨ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਕੋਈ ਦੋਸ਼ੀ ਬਖਸ਼ਿਆ ਨਹੀਂ ਜਾਵੇਗਾ ਤੇ ਇਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ, ਭਾਵੇਂ ਕਿਸੇ ਵੀ ਪ੍ਰਭਾਵਸ਼ਾਲੀ ਪਾਰਟੀ ਵਿੱਚ ਕਿਉਂ ਨਾ ਚਲੇ ਜਾਣ।

ਪੰਜਾਬ ਦੇ ਲੋਕਾਂ ਦੀ ਸਲਾਹ ਨਾਲ ਵਿੱਤ ਮੰਤਰੀ ਵੱਲੋਂ ਬਣਾਏ ਬਜਟ ਦੀ ਸ਼ਲਾਘਾ ਕਰਦਿਆਂ ਮੁੱਖ ਭਗਵੰਤ ਮਾਨ ਮੰਤਰੀ ਨੇ ਕਿਹਾ ਕਿ ਇਸ ਨਾਲ ਵਿਰੋਧੀ ਧਿਰਾਂ ਜੱਕੋ-ਤੱਕੀ ਵਿੱਚ ਹਨ, ਉਨ੍ਹਾਂ ਨੂੰ ਇਸ ਵਿੱਚ ਕਮੀ ਲਭਣ ਲਈ ਮਗਜ਼-ਖਪਾਈ ਕਰਨੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਾਡੀ ਟੀਮ ਨੂੰ ਵੱਡਾ ਫਤਵਾ ਦਿੱਤਾ ਹੈ, ਜਿਸ ਨਾਲ ਉਹ ਟੀਚਾ ਹਾਸਲ ਕਰਾਂਗੇ, ਜੋ 75 ਸਾਲਾਂਵਿੱਚਛੂਹਿਆ ਵੀ ਨਹੀਂ ਗਿਆ।ਉਨ੍ਹਾ ਕਿਹਾ ਕਿ ਸਿੱਖਿਆ ਅਤੇ ਸਿਹਤ ਖੇਤਰਾਂ ਨੂੰ ਪਹਿਲੀ ਵਾਰ ਬਜਟਵਿੱਚ ਸਭ ਤੋਂ ਪ੍ਰਮੁੱਖਤਾ ਮਿਲੀ ਹੈ।ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਪਿਛਲੀਆਂ ਸਰਕਾਰਾਂ ਨੇ ਸਕੂਲੀ ਸਿੱਖਿਆ ਖੇਤਰ ਵਿੱਚ ਪ੍ਰਾਈਵੇਟ ਘਰਾਣਿਆਂਦੇ ਲਾਭ ਦੇਣ ਲਈ ਸਰਕਾਰੀ ਸਿੱਖਿਆ ਤੇ ਸਿਹਤ ਖੇਤਰ ਤਬਾਹ ਕਰ ਦਿੱਤਾ ਸੀ, ਪਰਸਾਡੀ ਸਰਕਾਰ ਅਗਲੇ ਸਾਲਾਂ ਵਿੱਚਇਹ ਰੁਝਾਨ ਬਦਲ ਦੇਵੇਗੀ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਦੀਆਂ ਚੋਣ ਗਾਰੰਟੀਆਂਵਿੱਚੋਂ ਸਭ ਤੋਂ ਵੱਡੀ ਚੋਣ ਗਾਰੰਟੀ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਵਿੱਤੀ ਮਦਦ ਜਲਦੀ ਦਿੱਤੀ ਜਾਵੇਗੀ ਤੇ ਇਸ ਦੇ ਲਈ ਰਾਜ ਸਰਕਾਰ ਨੇ ਪੈਸੇ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ ਇਹ ਪ੍ਰਕਿਰਿਆ ਪੂਰੀ ਹੁੰਦੇ ਸਾਰ ਇਹ ਗਾਰੰਟੀ ਪੂਰੀ ਕੀਤੀ ਜਾਵੇਗੀ ਅਤੇ ਸਰਕਾਰ ਹਰ ਗਾਰੰਟੀ ਨੂੰ ਪੂਰਾ ਕਰਨ ਲਈ ਦ੍ਰਿੜ੍ਹ ਹੈ। ਵਿਧਾਨ ਸਭਾਦੀ ਕਾਰਵਾਈ ਵਿੱਚ ਰਾਜ ਸਭਾ ਮੈਂਬਰਾਂਬਾਰੇ ਸਵਾਲਾਂ ਉੱਤੇਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਾਂਗਰਸ ਨੂੰ ਤਿੱਖੇ ਜਵਾਬ ਦਿੱਤੇ। ਉਨ੍ਹਾਂ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਆੜੇ ਹੱਥੀਂਲੈ ਕੇ ਕਿਹਾ ਕਿ ਇਹ ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰਾਂ ਨੂੰ ਪੰਜਾਬੀ ਨਹੀਂ ਆਉਂਦੀ, ਆਪ ਇਹ ਭਾਸ਼ਣ ਦੀ ਹਰ ਤੀਸਰੀ ਗੱਲ ਅੰਗਰੇਜ਼ੀਵਿੱਚ ਬੋਲਦੇ ਤੇ'ਲੋਕਾਂ' ਨੂੰ 'ਲੋਗਾਂ' ਕਹਿੰਦੇ ਹਨ। ਮਾਨ ਨੇ ਕਿਹਾ ਕਿ 'ਲੋਗ' ਹਿੰਦੀ ਦਾ ਸ਼ਬਦ ਹੈ, ਸ਼ਾਇਦ ਅੱਜ ਤੋਂ ਬਾਅਦ ਇਹ ਬਦਲ ਜਾਣ। ਉਨ੍ਹਾਂ ਕਿਹਾ ਕਿ ਪੜ੍ਹ ਕੇ ਸੁਨਾਵਰਾਂ ਤੇ ਡੂਨਾਂ(ਸਨਾਵਰ ਸਕੂਲ ਤੇ ਦੂਨ ਸਕੂਲ ਵੱਲ ਇਸ਼ਾਰਾ) ਵਿੱਚ ਸਾਨੂੰ ਪੰਜਾਬੀ ਸਿਖਾਓਗੇ।ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਭਾ ਵਿੱਚ ਗਏ ਸਾਡੇ 7 ਮੈਂਬਰਾਂਵਿੱਚੋਂ ਕੋਈ ਵੀ ਲੋਕਾਂ ਦਾ ਨਕਾਰਿਆ ਅਤੇ ਹਾਰਿਆ ਹੋਇਆ ਨਹੀਂ।ਉਨ੍ਹਾ ਕਿਹਾ ਕਿ ਅਸੀਂ ਹੈਲਥ ਅਤੇ ਐਜੂਕੇਸ਼ਨ ਬਾਰੇ ਗਾਰੰਟੀਆਂ ਦਿੱਤੀਆਂ ਤੇ ਇਨ੍ਹਾਂ ਨੂੰ ਅੱਗੇ ਲਿਜਾਣਾ ਹੈ। ਅਸੀਂ ਬਿਜਲੀ ਦੀ ਗਾਰੰਟੀ ਦਿੱਤੀ ਕਿ 300 ਯੂਨਿਟ ਫਰੀ ਹੋਣਗੇ, ਪੈਸੇ ਜਿਥੋਂ ਮਰਜ਼ੀ ਲਿਆਈਏ। ਉਨ੍ਹਾਂ ਕਿ ਕਾਂਗਰਸ ਵਾਂਗ ਇਹ ਨਹੀਂ ਕਿਹਾ ਕਿ 36,000 ਕਰਮਚਾਰੀ ਪੱਕੇ ਕੀਤੇ ਅਤੇ ਜਦੋਂ ਭੇਦ ਖੁੱਲ੍ਹਾ ਤਾਂ ਕਿਹਾ ਕਿ ਗਵਰਨਰ ਕੋਲ ਫਾਈਲ ਹੈ। ਮਾਨ ਨੇ ਕਿਹਾ ਕਿ ਏਦਾਂ ਸੀ ਤਾਂ ਇਹ ਲਿਖਦੇ ਕਿ 36,000 ਮੁਲਾਜ਼ਮਾਂ ਦੀ ਫਾਈਲ ਗਵਰਨਰ ਨੂੰ ਭੇਜੀ ਹੈ, ਅਸੀਂ ਏਦਾਂ ਨਹੀਂ ਕਰਾਂਗੇ, ਅਸੀਂ ਲੋਕਾਂ ਲਈ ਵਚਨਬੱਧ ਹਾਂ।

# ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਡਾਕਟਰ ਸ਼ਰਮਾ ਨੂੰ ਪਰਵਾਰ ਸਮੇਤ ਕਾਂਗਰਸ ਤੋਂ ਕੱਢਿਆ

ਫਿਲੌਰ, 29 ਜੂਨ (ਪੋਸਟ ਬਿਊਰੋ)- ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵਿਰੋਧੀ ਕੰਮਾਂ ਦੇ ਕਾਰਨ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਡਾਕਟਰ ਰਾਕੇਸ਼ ਸ਼ਰਮਾ, ਉਸ ਦੇ ਪੁੱਤਰ ਮੌਜੂਦਾ ਕੌਂਸਲਰ ਡਾਕਟਰ ਵੈਭਵ ਸ਼ਰਮਾ ਤੇ ਕੌਂਸਲਰ ਅਰੁਣਾ ਸ਼ਰਮਾ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਹੈ। ਪਾਰਲੀਮੈਂਟ ਮੈਂਬਰ ਚੌਧਰੀ ਸੰਤੋਖ ਸਿੰਘ ਅਤੇ ਉਨ੍ਹਾਂ ਦੇ ਬੇਟੇ ਵਿਧਾਇਕ ਵਿਕਰਮ ਚੌਧਰੀ ਦੇ ਬੇਹੱਦ ਨੇੜੇ ਮੰਨੇ ਜਾਂਦੇ ਸ਼ਰਮਾ ਪਰਵਾਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਕੱਢਿਆ ਗਿਆ ਹੈ। ਦੋ ਹਫਤੇ ਪਹਿਲਾਂ ਹੀ ਰਾਜਾ ਵੜਿੰਗ ਨੇ ਇਸ ਸ਼ਹਿਰ ਦੇ ਦੋ ਕਾਂਗਰਸੀ ਕੌਂਸਲਰਾਂ ਤੇ ਇਕ ਸਾਬਕਾ ਕੌਂਸਲਰ ਨੂੰ ਪਾਰਟੀ ਵਿੱਚੋਂ ਕੱਢਿਆ ਸੀ। ਇਸ ਦੇ ਬਾਅਦ ਕੌਂਸਲਰਾਂ ਨੇ ਪ੍ਰਧਾਨ ਨੂੰ ਮਿਲ ਕੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਉਹ ਪਾਰਟੀ ਦੇ ਸੱਚੇ ਸਿਪਾਹੀ ਵਜੋਂ ਕੰਮ ਕਰ ਰਹੇ ਹਨ, ਇਸ ਲਈ ਉਨ੍ਹਾਂ ਨੂੰ ਕੱਢਣ ਦੇ ਫੈਸਲੇ ਉੱਤੇ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਪਰ ਕੱਲ੍ਹ ਦੀ ਕਰਵਾਈ ਤੋਂ ਇਹ ਗੱਲ ਸਾਫ ਹੋ ਗਈ ਕਿ ਕੱਢੇ ਗਏ ਕਿਸੇ ਵੀ ਕੌਂਸਲਰ ਅਤੇ ਨੇਤਾ ਨੂੰ ਦੋਬਾਰਾ ਪਾਰਟੀ ਵਿੱਚ ਲੈਣ ਦਾ ਕਾਂਗਰਸ ਦਾ ਕੋਈ ਇਰਾਦਾ ਨਹੀਂ।ਇਸ ਸਬੰਧ ਵਿੱਚ ਵਿਧਾਇਕ ਵਿਕਰਮ ਚੌਧਰੀ ਦਾ ਕਹਿਣਾ ਹੈ ਕਿ ਪਾਰਟੀ ਖਿਲਾਫ ਜੋ ਕੋਈ ਵੀ ਚਲਦਾ ਹੈ, ਉਸ ਉੱਤੇ ਕਾਰਵਾਈ ਹੋਣੀ ਹੀ ਚਾਹੀਦੀ ਹੈ।

# ਮਹਾਰਾਸ਼ਟਰ ਦਾ ਸੱਤਾ ਸੰਘਰਸ਼: ਮੁੱਖ ਮੰਤਰੀ ਊਧਵ ਠਾਕਰੇ ਵੱਲੋਂ ਫਲੋਰ ਟੈਸਟ ਤੋਂ ਪਹਿਲਾਂ ਅਹੁਦੇ ਤੋਂ ਅਸਤੀਫਾ

ਮੁੰਬਈ, 29 ਜੂਨ, (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਪ੍ਰਧਾਨ ਊਧਵ ਠਾਕਰੇ ਨੇ ਅੱਜ ਸੁਪਰੀਮ ਕੋਰਟ ਦੇ ਝਟਕੇ ਮਗਰੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਆਪਣੇ ਅਸਤੀਫ਼ੇ ਦਾ ਐਲਾਨ ਫੇਸਬੁੱਕ ਉੱਤੇ ਲਾਈਵ ਹੋ ਕੇ ਕੀਤਾ ਅਤੇ ਸਾਫ ਕਿਹਾ ਕਿ ਮੇਰੇ ਕੋਲੋਂ ਸ਼ਿਵਸੈਨਾ ਨੂੰ ਕੋਈ ਖੋਹ ਨਹੀਂ ਸਕਦਾ।

ਅੱਜ ਆਏ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦਊਧਵ ਠਾਕਰੇ ਨੇ ਫੇਸਬੁੱਕ ਉੱਤੇ ਲਾਈਵ ਹੋ ਕੇਇਸ ਰਾਜ ਦੀ ਜਨਤਾ ਨੂੰ ਸੰਬੋਧਿਤ ਕਰਦੇ ਹੋਏ ਆਪਣੇ ਰਾਜਵਿੱਚ ਲਏ ਫੈਸਲਿਆਂ ਬਾਰੇ ਦੱਸ ਕੇ ਕਿਹਾ ਕਿ ਚੰਗੇ ਕੰਮਾਂ ਨੂੰ ਨਜ਼ਰ ਲੱਗੀ ਹੈ। ਊਧਵ ਠਾਕਰੇ ਨੇ ਇਸ ਮੌਕੇ ਸੋਨੀਆ ਗਾਂਧੀ ਅਤੇ ਸ਼ਰਦ ਪਵਾਰ ਦੀ ਤਾਰੀਫ਼ ਕੀਤੀ।ਉਨ੍ਹਾ ਕਿਹਾ ਕਿ ਨਿਆਂ ਦੇ ਦੇਵਤੇ (ਸੁਪਰੀਮ ਕੋਰਟ) ਨੇ ਫੈਸਲਾ ਕੀਤਾ ਤੇ ਫਲੋਰ ਟੈਸਟ ਲਈ ਕਿਹਾ ਹੈ,ਗਵਰਨਰ ਦਾ ਵੀ ਧੰਨਵਾਦ। ਉਨ੍ਹਾਂ ਕਿਹਾ ਕਿ ਲੋਕਤੰਤਰ ਦਾ ਪਾਲਣਾ ਹੋਣਾ ਚਾਹੀਦਾ ਹੈ ਅਤੇ ਅਸੀਂ ਪਾਲਣ



ਕਰਾਂਗੇ।

ਸ਼ਿਵਸੈਨਾ ਦੇ ਮੁਖੀ ਊਧਵ ਠਾਕਰੇ ਨੇ ਬਾਗੀਆਂ ਉੱਤੇ ਨਿਸ਼ਾਨਾ ਸੇਧ ਕੇ ਕਿਹਾ ਕਿ ਤੁਸੀਂ ਸਾਹਮਣੇ ਆਣ ਕੇ ਗੱਲ ਕਰਦੇ, ਸੂਰਤ ਤੇ ਗੁਹਾਟੀ ਜਾ ਕੇ ਨਹੀਂ, ਜਿਸ ਨੂੰ ਸਾਰਾ ਕੁਝ ਦਿੱਤਾ, ਉਹੀ ਨਾਰਾਜ਼ ਹੈ।ਫੇਸਬੁੱਕ ਲਾਈਵ ਭਾਸ਼ਣ ਦੌਰਾਨ ਊਧਵ ਠਾਕਰੇ ਨੇ ਐੱਨਸੀਪੀ ਪਾਰਟੀ ਦੇ ਮੁਖੀ ਸ਼ਰਦ ਪਵਾਰ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਧੰਨਵਾਦ ਕਰਨ ਦੇ ਨਾਲ ਰਾਜ ਸਰਕਾਰ ਵੱਲੋਂ ਕੀਤੇ ਲੋਕ ਭਲਾਈ ਕੰਮਾਂ ਬਾਰੇਦੱਸਦਿਆਂ ਕਿਹਾ ਕਿ ਜਦੋਂ ਕੈਬਨਿਟ ਵਿੱਚ ਸੰਭਾਜੀਨਗਰ ਦੀ ਤਜਵੀਜ਼ ਰੱਖੀ ਤਾਂ ਕਾਂਗਰਸ ਅਤੇ ਐੱਨ ਸੀਪੀ ਨੇ ਸਮਰਥਨ ਕੀਤਾ ਅਤੇ ਸਾਡੇ ਆਪਣੇ ਲੋਕ ਗੈਰ ਹਾਜ਼ਰ ਰਹੇ, ਜਿਸ ਦੇ ਲਈ ਸਭ ਕੁਝ ਕੀਤਾ, ਉਹ ਗੁੱਸੇਵਿੱਚ ਹੈ, ਜਦਕਿ ਕਈ ਗਰੀਬ ਲੋਕ ਮਾਤੋਸ਼੍ਰੀ(ਸ਼ਿਵ ਸੈਨਾ ਦਾ ਮੁੱਖ ਦਫਤਰ) ਵਿਖੇ ਆ ਕੇ ਲੜਨ ਦੀ ਗੱਲ ਕਹਿ ਰਹੇ ਹਨ।ਊਧਵ ਠਾਕਰੇ ਨੇ ਲਾਈਵ ਭਾਸ਼ਣ ਦੌਰਾਨ ਮੁਸਲਿਮ ਸਮਾਜ ਦੇ ਲੋਕਾਂ ਦਾ ਧੰਨਵਾਦ ਵੀ ਕੀਤਾ ਤੇ ਕਿਹਾ ਕਿ ਸੀਏਏ ਅਤੇ ਐਨਆਰਸੀ ਵਰਗੇ ਕਾਨੂੰਨਾਂ ਬਾਰੇ ਮੁੰਬਈ ਦੇਵਿੱਚ ਕੋਈ ਹਿੰਸਕ ਸਥਿਤੀ ਨਹੀਂ ਬਣੀ, ਇਸ ਹਾਲਤ ਲਈ ਮੈਂ ਮੁਸਲਿਮ ਸਮਾਜ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ।ਊਧਵ ਠਾਕਰੇ ਨੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਵੇਲੇ ਵਿਧਾਨ ਪ੍ਰੀਸ਼ਦ (ਅਸੈਂਬਲੀ ਦਾ ਉਤਲਾ ਹਾਊਸ) ਦੀ ਮੈਂਬਰੀ ਛੱਡਣ ਦਾ ਐਲਾਨ ਵੀ ਕਰ ਦਿੱਤਾ ਤੇ ਕਿਹਾ ਕਿ ਉਹ ਫਿਰ ਸ਼ਿਵਸੈਨਾ ਭਵਨ ਵਿੱਚ ਬੈਠਿਆ ਕਰਨਗੇ।ਇਸ ਫੇਸਬੁੱਕ ਲਾਈਵ ਭਾਸ਼ਣ ਪਿੱਛੋਂ ਊਧਵ ਠਾਕਰੇ ਗਵਰਨਰ ਨੂੰ ਮਿਲਣ ਲਈ ਰਾਜ ਭਵਨ ਵੱਲਚਲੇ ਗਏ, ਕਿਉਂਕਿ 50 ਵਿਧਾਇਕਾਂ ਦੇ ਸਮਰਥਨ ਵਾਪਸ ਲੈਣ ਕਾਰਨ ਘੱਟ ਗਿਣਤੀ ਵਿੱਚ ਆਈ ਊਧਵ ਸਰਕਾਰ ਨੂੰ ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਵੀਰਵਾਰ ਸਵੇਰੇ 11 ਵਜੇ ਵਿਧਾਨ ਸਭਾ ਵਿੱਚ ਬਹੁਮਤ ਸਾਬਤ ਕਰਨ ਲਈ ਕਿਹਾ ਸੀ। ਗਵਰਨਰ ਦੇ ਇਸ ਫੈਸਲੇ ਖਿਲਾਫ ਮੁੱਖ ਮੰਤਰੀ ਊਧਵ ਠਾਕਰੇ ਦੀ ਸਰਕਾਰ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਬੁੱਧਵਾਰ ਰਾਤ 9 ਵਜੇ ਤੋਂ ਬਾਅਦ ਆਏ ਫੈਸਲੇਵਿੱਚ ਸੁਪਰੀਮ ਕੋਰਟ ਨੇ ਗਵਰਨਰਦਾ ਫੈਸਲਾਠੀਕ ਮੰਨਿਆ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੇਬੀ ਪਾਰਦੀਵਾਲਾ ਦੀ ਛੁੱਟੀ ਵਾਲੇ ਬੈਂਚ ਨੇ ਕਰੀਬ ਸਾਢੇ ਤਿੰਨ ਘੰਟੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਇਹ ਫੈਸਲਾ ਦਿੱਤਾ ਸੀ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9





ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011





ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca






ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com





ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



# ਐਨ ਏ ਸੀ ਆਈ ਵੱਲੋਂ ਭਵਿੱਖ ਵਿੱਚ ਕੋਵਿਡ-19 ਦੀ ਕਿਸੇ ਵੇਵ ਤੋਂ ਬਚਣ ਲਈ ਬੂਸਟਰ ਡੋਜ਼ ਲਵਾਉਣ ਦੀ ਕੀਤੀ ਗਈ ਸਿਫਾਰਿਸ਼

ਓਟਵਾ, 29 ਜੂਨ (ਪੋਸਟ ਬਿਊਰੋ) : ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨ ਏ ਸੀ ਆਈ) ਵੱਲੋਂ ਕੈਨੇਡਾ ਵਿੱਚ ਭਵਿੱਖ ਵਿੱਚ ਕੋਵਿਡ-19 ਦੀ ਸੰਭਾਵੀ ਵੇਵ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਸ ਸਾਲ ਦੇ ਅੰਤ ਵਿੱਚ ਬੂਸਟਰ ਸ਼ੌਟਸ ਲਵਾਉਣ ਦੀ ਸਿਫਾਰਿਸ਼ ਕੀਤੀ ਗਈ ਹੈ।

ਬੁੱਧਵਾਰ ਨੂੰ ਇੱਕ ਰਲੀਜ਼ ਵਿੱਚ ਐਨ ਏ ਸੀ ਆਈ ਨੇ ਆਖਿਆ ਕਿ ਸਾਰੀਆਂ ਜਿਊਰਿਸਡਿਕਸ਼ਨਜ਼ ਨੂੰ ਉਨ੍ਹਾਂ ਲੋਕਾਂ ਨੂੰ ਬੂਸਟਰ ਡੋਜ਼ ਦੇਣ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਗੰਭੀਰ ਰੂਪ ਵਿੱਚ ਬਿਮਾਰ ਪੈਣ ਦਾ ਖਦਸ਼ਾ ਹੋਵੇ, ਫਿਰ ਭਾਵੇਂ ਉਨ੍ਹਾਂ ਵੱਲੋਂ ਪਹਿਲਾਂ ਕਿੰਨੀਆਂ ਮਰਜ਼ੀ ਬੂਸਟਰ ਡੋਜ਼ ਲਈਆਂ ਜਾ ਚੁੱਕੀਆਂ ਹੋਣ।



ਇਹ ਸਿਫਾਰਿਸ਼ ਵੀ ਕੀਤੀ ਗਈ ਹੈ ਕਿ 65 ਸਾਲ ਤੇ ਇਸ ਤੋਂ ਉੱਪਰ ਉਮਰ ਦੇ ਲੋਕਾਂ ਦੇ ਨਾਲ ਨਾਲ, ਲਾਂਗ ਟਰਮ ਕੇਅਰ ਦੇ ਰੈਜ਼ੀਡੈਂਟਸ ਜਾਂ ਲਿਵਿੰਗ ਫੈਸਿਲਿਟੀਜ਼ ਵਿੱਚ ਰਹਿਣ ਵਾਲੇ ਲੋਕਾਂ, 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ, ਜਿਨ੍ਹਾਂ ਨੂੰ ਮੈਡੀਕਲ ਕਾਰਨਾਂ ਕਰਕੇ ਕੋਵਿਡ-19 ਦਾ ਵਧੇਰੇ ਖਤਰਾ ਹੋਵੇ, ਨੂੰ ਵੀ ਬੂਸਟਰ ਡੋਜ਼ ਲਾਈ ਜਾਵੇ। ਇਸ ਤੋਂ ਇਲਾਵਾ ਇੰਡੀਜੀਨਸ ਤੇ ਹਾਸ਼ੀਏ ਉੱਤੇ ਰਹਿਣ ਵਾਲੇ ਲੋਕਾਂ, ਜਿੱਥੇ ਇਨਫੈਕਸ਼ਨ ਕਾਰਨ ਸਥਿਤੀ ਗੰਭੀਰ ਹੋ ਸਕਦੀ ਹੈ, ਨੂੰ ਵੀ ਇਹ ਬੂਸਟਰ ਡੋਜ਼ ਦੇਣ ਲਈ ਆਖਿਆ ਗਿਆ ਹੈ। ਇਸ ਦੇ ਨਾਲ ਹੀ ਮਾਈਗ੍ਰੈਂਟ ਵਰਕਰਜ਼, ਸ਼ੈਲਟਰਜ਼, ਕੋਰੈਕਸ਼ਨਲ ਫੈਸਿਲਿਟੀਜ਼ ਤੇ ਗਰੁੱਪ ਹੋਮਜ਼ ਵਿੱਚ ਰਹਿਣ ਵਾਲਿਆਂ ਨੂੰ ਵੀ ਇਹ ਬੂਸਟਰ ਡੋਜ਼ ਦੇਣ ਲਈ ਆਖਿਆ ਗਿਆ ਹੈ।

ਐਨ ਏ ਸੀ ਆਈ ਵੱਲੋਂ ਇਹ ਸਿਫਾਰਿਸ਼ ਵੀ ਕੀਤੀ ਗਈ ਹੈ ਕਿ ਬੂਸਟਰ ਡੋਜ਼ 12 ਤੋਂ 64 ਸਾਲ ਦੇ ਹਰੇਕ ਵਿਅਕਤੀ ਨੂੰ ਲਾਈ ਜਾਵੇ, ਫਿਰ ਭਾਵੇਂ ਉਸ ਨੇ ਪਹਿਲਾਂ ਕਿੰਨੀਆਂ ਬੂਸਟਰ ਡੋਜ਼ਿਜ਼ ਕਿਉਂ ਨਾ ਲਈਆਂ ਹੋਣ।

# ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਜੱਗੂ ਭਗਵਾਨਪੁਰੀਆ ਵੀ ਦਿੱਲੀ ਤੋਂ ਲਿਆਂਦਾ ਗਿਆ

*** ਕੁੰਵਰ ਵਿਜੇ ਪ੍ਰਤਾਪ ਨੇ ਕਿਹਾ: ਬਿਸ਼ਨੋਈ ਨੂੰ ਗਲੈਮੇਰਾਈਸ ਕੀਤਾ ਜਾ ਰਿਹੈ**



ਚੰਡੀਗੜ੍ਹ, 29 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਗਾਇਕਸਿੱਧੂਮੂਸੇਵਾਲਾ ਦੇ ਕਤਲ ਕਾਂਡ ਵਿਚ ਪੰਜਾਬ ਦੀ ਪੁਲਸ ਨੇ ਗੈਂਗਸਟਰ ਅਤੇ ਲਾਰੈਂਸ ਬਿਸ਼ਨੋਈ ਦੇ ਸਾਥੀ ਜੱਗੂ ਭਗਵਾਨਪੁਰੀਆ ਦਾ ਰਿਮਾਂਡ ਵੀ ਹਾਸਲ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਸਿੱਧੂਮੂਸੇਵਾਲਾ ਨੂੰ ਕਤਲ ਵਾਸਤੇ ਦੋ ਸ਼ਾਰਪ ਸ਼ੂਟਰ ਜੱਗੂ ਭਗਵਾਨਪੁਰੀਆ ਨੇ ਦਿੱਤੇ ਸਨ।ਜੱਗੂਭਗਵਾਨਪੁਰੀਆ ਵੀ ਲਾਰੈਂਸ ਬਿਸ਼ਨੋਈ ਵਾਲੇ ਗੈਂਗ ਦਾ ਮੈਂਬਰਹੈ। ਇਹਪਤਾ ਲੱਗਣਪਿੱਛੋਂ ਪੰਜਾਬ ਪੁਲਸ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਗਈ ਅਤੇ ਤਿਹਾੜ ਜੇਲ੍ਹ ਵਿੱਚ ਬੰਦ ਜੱਗੂ ਭਗਵਾਨਪੁਰੀਆ ਦਾ ਪ੍ਰੋਡਕਸ਼ਨ ਵਾਰੰਟ ਜਾਰੀ ਕਰਵਾਇਆ। ਫਿਰਅਦਾਲਤੀ ਹੁਕਮਾਂ ਉੱਤੇਜੱਗੂ ਭਗਵਾਨਪੁਰੀਆ ਨੂੰ ਤਿਹਾੜ ਜੇਲ ਤੋਂ ਲਿਆਂਦਾ ਤਾਂ ਇਸ ਦੇ ਬਾਅਦ ਅਦਾਲਤ ਨੇ ਪੰਜਾਬ ਪੁਲਸ ਨੂੰ ਜੱਗੂ ਦਾ ਟ੍ਰਾਂਜ਼ਿਟ ਰਿਮਾਂਡ ਦੇ ਦਿੱਤਾ ਅਤੇ ਪੁਲਸਉਸ ਨੂੰ ਮਾਨਸਾ ਲੈ ਆਈ ਹੈ।

ਵਰਨਣ ਯੋਗ ਹੈ ਕਿ ਪੰਜਾਬ ਪੁਲਸ ਪਹਿਲਾਂ ਹੀ ਲਾਰੈਂਸ ਬਿਸ਼ਨੋਈ ਤੋਂ ਸਿੱਧੂਮੂਸੇਵਾਲਾ ਕਤਲ ਕਾਂਡ ਵਿਚ ਜੱਗੂਭਗਵਾਨਪੁਰੀਆ ਦੀ ਭੂਮਿਕਾ ਬਾਰੇ ਵੀ ਪੁੱਛਗਿੱਛ ਕਰ ਰਹੀ ਹੈ। ਬਿਸ਼ਨੋਈ ਨੇ ਦੱਸਿਆ ਸੀ ਕਿ ਤਿਹਾੜ ਜੇਲ ਵਿੱਚ ਉਸ ਦੀ ਅਤੇ ਜੱਗੂ ਦੀ ਕੈਨੇਡਾ ਵਿਚਲੇ ਗੋਲਡੀ ਬਰਾੜ ਨਾਲ ਗੱਲਬਾਤ ਹੁੰਦੀ ਸੀ। ਫਿਰ ਉਨ੍ਹਾਂ ਦੀਆਂ ਬੈਰਕਾਂ ਬਦਲ ਦਿੱਤੀਆਂ ਜਾਣ ਪਿੱਛੋਂ ਉਸ ਨੂੰ ਨਹੀਂ ਪਤਾ ਕਿ ਕੀ ਹੋਇਆ ਸੀ? ਇਸ ਬਾਰੇ ਪੰਜਾਬ ਪੁਲਸ ਜੱਗੂਤੋਂ ਪੁੱਛਗਿੱਛ ਕਰੇਗੀ।

ਦੂਸਰੇ ਪਾਸੇ ਅੱਜ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਆਪਣੀ ਹੀ ਸਰਕਾਰਨੂੰ ਕਿਹਾ ਕਿ ਸਿੱਧੂਮੂਸੇਵਾਲਾ ਕਤਲ ਕੇਸ ਵਿਚ ਫੜੇ ਲਾਰੈਂਸ ਬਿਸ਼ਨੋਈ ਨੂੰ ਅੰਮ੍ਰਿਤਸਰ ਵਿੱਚ ਦਿੱਤਾ ਟ੍ਰੀਟਮੈਂਟ ਠੀਕ ਨਹੀਂ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਪੁਲਸ ਨੇ ਬਿਸ਼ਨੋਈ ਦਾ ਰਿਮਾਂਡ ਲੈ ਕੇ ਜਦੋਂ ਉਸ ਨੂੰ ਅੰਮ੍ਰਿਤਸਰ ਲਿਜਾਣਾ ਸੀ ਤਾਂ ਸ਼ਹਿਰ ਵਿਚ ਕੁੱਝ ਪੁਲਸ ਮੁਲਾਜ਼ਮਾਂ ਨੇ ਵੀ ਵੀ ਆਈ ਪੀਡਿਊਟੀ ਦੇ ਟੈਗ ਲਾਇਆ ਹੋਇਆ ਸੀ।ਇਸ ਤਰ੍ਹਾਂ ਪੁਲਸ ਇੱਕ ਖਤਰਨਾਕ ਗੈਂਗਸਟਰ ਨੂੰ ਗਲੈਮੇਰਾਈਸ ਕਰ ਰਹੀ ਹੈ, ਜਿਸ ਨਾਲ ਨੌਜਵਾਨਾਂ ਵਿੱਚ ਗ਼ਲਤ ਸੰਦੇਸ਼ ਜਾਂਦਾ ਹੈ।

# ਡਰੱਗ ਇੰਸਪੈਕਟਰ ਅਤੇ ਸਿਵਲ ਹਸਪਤਾਲ ਦਾ ਕਰਮਚਾਰੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫਤਾਰ

ਚੰਡੀਗੜ੍ਹ, 29 ਜੂਨ, (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਸਿਵਲ ਹਸਪਤਾਲ ਪਠਾਨਕੋਟ ਦੇ ਦਰਜਾ-4 ਕਰਮਚਾਰੀ ਰਾਕੇਸ਼ ਕੁਮਾਰ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਿਆ ਅਤੇ ਇਸ ਕੇਸ ਵਿੱਚ ਡਰੱਗ ਇੰਸਪੈਕਟਰ ਪਠਾਨਕੋਟ ਬਬਲੀਨ ਕੌਰ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਰਾਕੇਸ਼ ਕੁਮਾਰ ਨੂੰ ਪਠਾਨਕੋਟ ਦੇਇੱਕ ਵਿਅਕਤੀ ਦੀ



ਸ਼ਿਕਾਇਤ ਉੱਤੇ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਨੇ ਵਿਜੀਲੈਂਸ ਨੂੰ ਦੱਸਿਆ ਸੀ ਕਿ ਉਸ ਨੇ ਮਾਮੂਨ ਵਿਖੇ ਮੈਡੀਕਲ ਸਟੋਰ ਖੋਲ੍ਹਣ ਦਾ ਲਾਇਸੈਂਸ ਲੈਣ ਲਈ ਆਨਲਾਈਨ ਅਪਲਾਈ ਕੀਤਾ ਸੀ।ਬਾਅਦ ਵਿੱਚ ਡਰੱਗ ਇੰਸਪੈਕਟਰ ਬਬਲੀਨ ਕੌਰ ਨੇ ਫ਼ੋਨ ਕਰਕੇ ਇਸ ਬਾਰੇ ਸਿਵਲ ਹਸਪਤਾਲ ਪਠਾਨਕੋਟਦੇ ਦਰਜਾ-4 ਕਰਮਚਾਰੀ ਰਾਕੇਸ਼ ਕੁਮਾਰ ਨੂੰ ਮਿਲਣ ਲਈ ਕਿਹਾ ਸੀ। ਰਾਕੇਸ਼ ਕੁਮਾਰ ਪਹਿਲਾਂ ਇੰਸਪੈਕਟਰ ਬਬਲੀਨ ਕੌਰ ਨਾਲ ਤਾਇਨਾਤ ਰਿਹਾ ਸੀ।ਸ਼ਿਕਾਇਤਕਰਤਾ 18 ਜੂਨ ਨੂੰ ਸਿਵਲ ਹਸਪਤਾਲ ਪਠਾਨਕੋਟ ਵਿਖੇ ਰਾਕੇਸ਼ ਕੁਮਾਰ ਨੂੰ ਮਿਲਿਆ, ਜਿਸ ਨੇ ਬਬਲੀਨ ਕੌਰ ਤੋਂ ਉਸ ਦਾ ਕੰਮ ਕਰਾਉਣ ਬਦਲੇ 1 ਲੱਖ ਰੁਪਏ ਮੰਗੇ, ਜਿਸ ਨੂੰ ਫਿਰ ਘਟਾ ਕੇ 90,000 ਰੁਪਏ ਕਰ ਦਿੱਤਾ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ 28 ਜੂਮ ਨੂੰ ਰਿਸ਼ਵਤ ਦੀ ਪਹਿਲੀ ਕਿਸ਼ਤ ਦੇ 30 ਹਜ਼ਾਰ ਰੁਪਏ ਦੇਣ ਗਿਆ ਅਤੇ ਵਿਜੀਲੈਂਸ ਟੀਮ ਨੇ ਰਾਕੇਸ਼ ਕੁਮਾਰ ਨੂੰ 30 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜ ਕੇਇਸ ਕੇਸਵਿੱਚ ਸ਼ਾਮਲ ਹੋਣ ਕਾਰਨ ਡਰੱਗ ਇੰਸਪੈਕਟਰ ਬਬਲੀਨ ਕੌਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਇਸ ਬਾਰੇ ਥਾਣਾ ਵਿਜੀਲੈਂਸ ਰੇਂਜ ਅੰਮ੍ਰਿਤਸਰਵਿੱਚਕੇਸ ਦਰਜ ਕੀਤਾ ਹੈ।

# ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਨੂੰ ਹਾਈ ਕੋਰਟ ਤੋਂ ਜ਼ਮਾਨਤ ਦੀ ਨਾਂਹ

ਚੰਡੀਗੜ੍ਹ, 29 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਨੇ ਆਪਣੇ ਖਿਲਾਫ਼ ਦਰਜ ਹੋਏਕੇਸ ਨੂੰਰੱਦ ਕਰਨ ਲਈ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਪਾਈ ਸੀ, ਕੋਰਟ ਨੇ ਕੋਈ ਰਾਹਤ ਨਹੀਂ ਦਿੱਤੀ, ਜਿਸ ਕਾਰਨ ਉਸ ਉੱਤੇ ਕਿਸੇ ਵੇਲੇ ਵੀ ਗ੍ਰਿਫ਼ਤਾਰੀ ਹੋਣ ਦੀ ਤਲਵਾਰ ਲਟਕ ਗਈ ਹੈ।

ਵਰਣਨ ਯੋਗ ਹੈ ਕਿ ਪੰਜਾਬ ਦੇ ਇੱਕ ਡੀਐਫਓ (ਡਵੀਜ਼ਨਲ ਫਾਰੈਸਟ ਅਫਸਰ) ਦੀ ਗ੍ਰਿਫਤਾਰੀ ਮਗਰੋਂ ਉਸ ਵੱਲੋਂ ਖੋਲ੍ਹੇ ਭੇਦਾਂ ਕਾਰਨ ਪੰਜਾਬ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਤੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਉੱਤੇਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਸਾਧੂ ਸਿੰਘ ਧਰਮਸੋਤ ਨੂੰ ਦੋ ਸਾਥੀਆਂ ਸਮੇਤ ਵਿਜੀਲੈਂਸ ਨੇ ਫੜ ਲਿਆ ਸੀ, ਪਰ ਸੰਗਤ ਸਿੰਘ ਗਿਲਜੀਆਂ ਅਜੇ ਗ੍ਰਿਫ਼ਤ ਤੋਂ ਬਾਹਰ ਹੈ।ਉਸਵੱਲੋਂ ਆਪਣੇ ਖ਼ਿਲਾਫ਼ ਕੇਸਰੱਦ ਕਰਨ ਦੀ ਅਰਜ਼ੀਉੱਤੇ ਹਾਈ ਕੋਰਟ ਨੇ ਅੱਜ ਕਿਹਾ ਕਿ ਉਨ੍ਹਾਂ ਨੂੰ ਅਗਾਊਂ ਜ਼ਮਾਨਤ ਲਈ ਪਹਿਲਾਂ ਹੇਠਲੀ ਅਦਾਲਤ ਵਿੱਚ ਜਾਣਾ ਚਾਹੀਦਾ ਸੀ, ਕੇਸਰੱਦ ਕਰਨ ਲਈਸਿੱਧੇ ਹਾਈ ਕੋਰਟ ਆਉਣਾ ਸਹੀ ਨਹੀਂ ਹੈ।ਕੇਸ ਦੀ ਅਗਲੀ ਸੁਣਵਾਈ 4 ਜੁਲਾਈ ਨੂੰ ਹੈ।

ਪੰਜਾਬ ਵਿਜੀਲੈਂਸ ਬਿਊਰੋ ਨੇ ਇੱਕ ਡਾਇਰੀ ਤੋਂ ਪਤਾ ਲੱਗੇ ਭ੍ਰਿਸ਼ਟਾਚਾਰ ਦੇ ਚੱਕਰਵਿੱਚ ਰਿਸ਼ਵਤ ਲੈਣ ਦੇ ਦੋਸ਼ਵਿੱਚ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਅਤੇ ਹੋਰਨਾਂਉੱਤੇਕੇਸ ਦਰਜ ਕੀਤਾ ਸੀ। ਇਹ ਡਾਇਰੀ ਜਗਲਾਤ ਵਿਭਾਗ ਦੇ ਠੇਕੇਦਾਰ ਹਰਮੋਹਿੰਦਰ ਸਿੰਘ ਦੇ ਘਰੋਂ ਮਿਲੀ ਹੈ।ਇਸ ਪਿੱਛੋਂਸਾਧੂ ਸਿੰਘ ਧਰਮਸੋਤ ਅਤੇ ਹੋਰ ਕਈ ਗ੍ਰਿਫ਼ਤਾਰ ਕੀਤੇ ਗਏ, ਪਰ ਗਿਲਜੀਆਂ ਅਜੇ ਤੱਕ ਬਚ ਰਿਹਾ ਹੈ। ਡਾਇਰੀ ਦੇ ਆਧਾਰ ਉੱਤੇ ਸੰਗਤ ਸਿੰਘ ਗਿਲਜੀਆਂ ਉੱਤੇ ਦੋਸ਼ ਹੈ ਕਿ ਟ੍ਰੀ-ਗਾਰਡ (ਰੁੱਖਾਂ ਦੀ ਸੰਭਾਲ ਵਾਲੇ ਲੋਹੇ ਦੇ ਜੰਗਲੇ) ਖਰੀਦਣ ਲਈ ਉਸ ਨੇ ਸਾਰੇ ਡੀਐਫਓਜ਼ ਨੂੰ ਕਿਸੇ ਖਾਸ ਵਿਅਕਤੀ ਤੋਂ ਟ੍ਰੀ ਗਾਰਡ ਸਪਲਾਈ ਲੈਣਨੂੰ ਕਿਹਾ ਸੀ ਅਤੇਇੱਕ ਟ੍ਰੀ ਗਾਰਡ ਦੀ ਕੀਮਤ 2800 ਰੁਪਏ ਰੱਖੀ ਸੀ, ਜਦ ਕਿ ਇਹ ਟ੍ਰੀ-ਗਾਰਡ 800 ਰੁਪਏ ਦੇ ਹਿਸਾਬ ਨਾਲ ਖਰੀਦੇ ਗਏ ਤੇ ਬਾਕੀ ਰਕਮ ਭ੍ਰਿਸ਼ਟਾਚਾਰ ਰਾਹੀਂ ਵੰਡੀ ਗਈ ਸੀ। ਪੰਜਾਬ ਵਿਚ ਕੁੱਲ 80,000 ਟ੍ਰੀ ਗਾਰਡ ਖਰੀਦੇ ਗਏ, ਜਿਸ ਵਿਚ ਕਰੋੜਾਂ ਰੁਪਏ ਕੀਤਾ ਗਿਆ ਹੋਣ ਦੀ ਗੱਲ ਨਿਕਲ ਰਹੀ ਹੈ, ਜਿਸ ਵਿੱਚ ਗਿਲਜੀਆਂ ਦੀ ਗ੍ਰਿਫ਼ਤਾਰੀ ਹੋ ਸਕਦੀ ਹੈ।

# ਮੁੜ 30 ਸਤੰਬਰ ਤੱਕ ਵਧਾਈਆਂ ਗਈਆਂ ਬਾਰਡਰ ਪਾਬੰਦੀਆਂ




ਓਟਵਾ, 29 ਜੂਨ (ਪੋਸਟ ਬਿਊਰੋ) : ਬੁੱਧਵਾਰ ਨੂੰ ਫੈਡਰਲ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕੈਨੇਡਾ ਵਿੱਚ ਦਾਖਲ ਹੋਣ ਉੱਤੇ ਲਾਈਆਂ ਗਈਆਂ ਬਾਰਡਰ ਪਾਬੰਦੀਆਂ 30 ਸਤੰਬਰ ਤੱਕ ਜਾਰੀ ਰਹਿਣਗੀਆਂ।

ਇਸ ਤੋਂ ਭਾਵ ਹੈ ਕਿ ਦੇਸ਼ ਵਿੱਚ ਦਾਖਲ ਹੋਣ ਲਈ ਵਿਦੇਸ਼ੀ ਟਰੈਵਲਰਜ਼ ਨੂੰ ਅਜੇ ਵੀ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ।ਇਸ ਤੋਂ ਇਲਾਵਾ ਜਿਹੜੇ ਕੈਨੇਡੀਅਨਜ਼ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਜਾਂ ਪਰਮਾਨੈਂਟ ਰੈਜ਼ੀਡੈਂਟਸ ਨੂੰ ਵਿਦੇਸ਼ ਤੋਂ ਕੈਨੇਡਾ ਦਾਖਲ ਹੋਣ ਸਮੇਂ ਕੋਵਿਡ-19 ਲਈ ਕਰਵਾਏ ਗਏ ਕੋਵਿਡ-19 ਸਬੰਧੀ ਮੌਲੀਕਿਊਲਰ ਟੈਸਟ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ ਤੇ ਦੇਸ਼ ਵਿੱਚ ਦਾਖਲ ਹੋਣ ਤੋਂ ਬਾਅਦ 14 ਦਿਨਾਂ ਲਈ ਕੁਆਰਨਟੀਨ ਕਰਨਾ ਹੋਵੇਗਾ।

ਇਸ ਤੋਂ ਇਲਾਵਾ ਸਰਕਾਰ ਅਜੇ ਵੀ ਚਾਹੁੰਦੀ ਹੈ ਕਿ ਸਾਰੇ ਟਰੈਵਲਰਜ਼, ਫਿਰ ਭਾਵੇਂ ਉਨ੍ਹਾਂ ਦੀ ਨਾਗਰਿਕਤਾ ਕਿੱਥੋਂ ਦੀ ਵੀ ਹੋਵੇ, ਆਪਣੀ ਵੈਕਸੀਨ ਸਬੰਧੀ ਜਾਣਕਾਰੀ ਤੇ ਟਰੈਵਲ ਡੌਕਿਊਮੈਂਟ ਐਰਾਈਵਕੈਨ ਐਪ ਉੱਤੇ ਅਪਲੋਡ ਕਰਨ। ਆਖਰੀ ਵਾਰੀ ਇਨ੍ਹਾਂ ਪਾਬੰਦੀਆਂ ਵਿੱਚ 31 ਮਈ ਨੂੰ ਵਾਧਾ ਕੀਤਾ ਗਿਆ ਸੀ।













## ਡਾ. ਭੰਡਾਲ ਦੀ ਪੁਸਤਕ 'ਦੀਵਿਆਂ ਦੀ ਡਾਰ' ਰੀਲੀਜ਼



ਪਟਿਆਲਾ, 29 ਜੂਨ (ਪੋਸਟ ਬਿਊਰੋ): ਪਿਛਲੇ ਦਿਨੀਂ ਡਾ ਗੁਰਬਖ਼ਸ਼ ਸਿੰਘ ਭੰਡਾਲ ਦੀ ਨਵ-ਪ੍ਰਕਾਸ਼ਤ ਪੁਸਤਕ 'ਦੀਵਿਆਂ ਦੀ ਡਾਰ' ਪੰਜਾਬੀ ਦੇ ਮਾਣਮੱਤੇ ਅਦੀਬਾਂ ਵਲੋਂ ਪਟਿਆਲਾ ਵਿਚ ਇਕ ਸਮਾਗਮ ਵਿਚ ਰੀਲੀਜ਼ ਕੀਤੀ ਗਈ। ਇਹ ਪੁਸਤਕ ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਉਘੇ ਵਿਦਵਾਨਾਂ ਡਾ ਸਤੀਸ਼ ਵਰਮਾ ਅਤੇ ਡਾ ਜਸਵਿੰਦਰ ਸਿੰਘ , ਉਘੇ ਕਹਾਣੀਕਾਰ ਕ੍ਰਿਪਾਲ ਕਜ਼ਾਕ, ਪ੍ਰੋ ਕੁਲਵੰਤ ਸਿੰਘ ਔਜਲਾ, ਡਾ ਗੋਪਾਲ ਬੁੱਟਰ, ਪ੍ਰੋ ਪ੍ਰੀਤਮ ਭੰਗੂ, ਪ੍ਰੋ ਬਖਤੌਰ ਧਾਲੀਵਾਲ ਆਦਿ ਮਾਣਮੱਤੀਆਂ ਸਖ਼ਸ਼ੀਅਤਾਂ ਵਲੋਂ ਸਾਂਝੇ ਰੂਪ ਵਿਚ ਰੀਲੀਜ਼ ਕੀਤੀ ਗਈ। ਇਸ ਮੌਕੇ ਨੇ ਡਾ ਸਤੀਸ਼ ਵਰਮਾ ਨੇ ਡਾ ਭੰਡਾਲ ਨੂੰ ਵਿਲੱਖਣ ਵਾਰਤਕ ਲੇਖਕ ਦੱਸਦਿਆਂ ਪੁਸਤਕ ਵਿਚਲੇ ਨਿਬੰਧਾਂ ਦੀ ਤਾਸੀਰ ਨੂੰ ਨਰੋਈ ਜੀਵਨ-ਸ਼ੈਲੀ ਦਾ ਬਿਰਤਾਂਤ ਕਿਹਾ। ਡਾ ਜਸਵਿੰਦਰ ਸਿੰਘ ਨੇ ਕਿਹਾ ਕਿ ਡਾ ਭੰਡਾਲ ਸਾਹਿਤ ਅਤੇ ਵਿਗਿਆਨ ਦਾ ਅਦਭੁੱਤ ਸੁਮੇਲ ਹਨ ਜਿਹਨਾਂ ਦੀਆਂ ਲਿਖਤਾਂ ਵਿਚ ਬੰਦੇ ਨੂੰ ਬਾਹਰ ਤੋਂ ਅੰਤਰੀਵੀ ਯਾਤਰਾ ਤੇ ਤੁੱਰਨ ਦੀ ਪ੍ਰੇਰਨਾ ਮਿਲਦੀ ਹੈ।

ਪੰਜਾਬੀ ਯੂਨੀਵਰਸਿਟੀ ਆਪਣੇ ਪੁਰਾਣੇ ਵਿਦਿਆਰਥੀ ਤੇ ਮਾਣ ਕਰਦੀ ਹੈ। ਮਹਾਨ ਕਹਾਣੀਕਾਰ ਕ੍ਰਿਪਾਲ ਕਜ਼ਾਕ ਨੇ ਭੰਡਾਲ ਦੀ ਵਾਰਤਕ ਸ਼ੈਲੀ ਨੂੰ ਆਵੇਸ਼ ਵਿਚੋਂ ਪੈਦਾ ਹੋਈ ਸ਼ੈਲੀ ਕਿਹਾ ਜਿਹੜੀ ਮਨ ਦੀਆਂ ਤਹਿਆਂ ਨੂੰ ਫਰੋਲਦੀ ਸਥਾਪਤ ਸ਼ੈਲੀ ਤੋਂ ਬਿਲਕੁਲ ਵੱਖਰੀ ਹੈ। ਇਸ ਮੌਕੇ ਤੇ ਪ੍ਰੋ ਕੁਲਵੰਤ ਸਿੰਘ ਔਜਲਾ, ਡਾ ਸੁਰਜੀਤ ਸਿੰਘ ਭੱਟੀ, ਡਾ ਭੀਮਇੰਦਰ ਸਿੰਘ, ਸੱਤਪਾਲ ਭੀਖੀ, ਡਾ ਗੁਰਸੇਵਕ ਲੰਬੀ, ਡਾ ਮਨਜੀਤ ਸਿੰਘ ਬੱਲ ਆਦਿ ਵਿਦਵਾਨਾਂ ਨੇ ਡਾ ਭੰਡਾਲ ਨੂੰ ਨਵੀਂ ਪੁਸਤਕ ਲਈ ਵਧਾਈ ਦਿੰਦਿਆ ਕਿਹਾ ਕਿ ਭੰਡਾਲ ਦੀ ਵਾਰਤਕ ਨੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ ਅਤੇ ਆਸ ਹੈ ਕਿ ਡਾ ਭੰਡਾਲ ਭਵਿੱਖ ਵਿਚ ਵੀ ਆਪਣੀਆਂ ਅਣਮੋਲ ਲਿਖਤਾਂ ਨਾਲ ਪੰਜਾਬੀ ਅਦਬ ਦੀ ਸੇਵਾ ਕਰਦੇ ਰਹਿਣਗੇ। ਯਾਦ ਰਹੇ ਕਿ ਡਾ ਭੰਡਾਲ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਫਿਜਿਕਸ ਪੜਾਉਂਦੇ ਹਨ। ਉਹ ਭਾਸ਼ਾ ਵਿਭਾਗ, ਪੰਜਾਬ ਵਲੋਂ ਸਨਮਾਨਿਤ ਸ਼੍ਰੋਮਣੀ ਸਾਹਿਤਕਾਰ ਹਨ।

## 200 ਕਰੋੜ ਦੀ ਆਈਸ ਸਮੇਤ ਦੋ ਸਮੱਗਲਰ ਗ੍ਰਿਫ਼ਤਾਰ, ਇੱਕ ਫਰਾਰ

ਲੁਧਿਆਣਾ, 29 ਜੂਨ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਲੁਧਿਆਣਾ ਯੂਨਿਟ ਨੇ ਦੋ ਨਸ਼ਾ ਸਮੱਗਲਰਾਂ ਨੂੰ 200 ਕਰੋੜ ਦੀ ਆਈਸ ਸਮੇਤ ਗ੍ਰਿਫ਼ਤਾਰ ਕੀਤਾ ਹੈ।

ਏ ਆਈ ਜੀ ਸਨੇਹਦੀਪ ਸ਼ਰਮਾਨੇ ਪ੍ਰੈਸ ਨੂੰ ਦੱਸਿਆ ਕਿਲੁਧਿਆਣਾ ਵਿੱਚ ਐਸ ਟੀ ਐਫ ਦੇ ਇੰਚਾਰਜ ਹਰਬੰਸ ਸਿੰਘ ਰੀਹਲ ਨੂੰ ਮੁਖ਼ਬਰ ਨੇ ਦੱਸਿਆ ਸੀ ਕਿ ਹਰਪ੍ਰੀਤ ਸਿੰਘ ਬੌਬੀ (40) ਪੁੱਤਰ ਹਰਬੰਸ ਸਿੰਘ ਪਿੰਡ ਸੁਨੇਤ, ਅਰਜਨ (26) ਪੁੱਤਰ ਅਸ਼ੋਕ ਕੁਮਾਰ ਵਾਸੀ ਅੰਬੇਡਕਰ ਨਗਰ, ਮਾਡਲ ਟਾਊਨ ਅਤੇ ਵਿਸ਼ਾਲ ਉਰਫ਼ ਵਿਜੇ ਪੁੱਤਰ ਅਸ਼ੋਕ ਕੁਮਾਰ ਵਾਸੀ ਲੇਬਰ ਕਾਲੋਨੀ, ਜਵਾਹਰ ਨਗਰ ਕੈਂਪ, ਤਿੰਨੇ ਆਪਸ ਵਿੱਚ ਮਿਲ ਕੇ ਆਈਸ ਵੇਚਣ ਦਾ ਕੰਮ ਕਰਦੇ ਹਨ। ਇਨ੍ਹਾਂਵਿੱਚੋਂ ਵਿਸ਼ਾਲ ਉਰਫ਼ ਵਿਨੇ ਨੇ ਹਰਪ੍ਰੀਤ ਸਿੰਘ ਤੇ ਅਰਜਨ ਨੂੰ ਮੋਟਰਸਾਈਕਲ ਉੱਤੇ ਆਈਸ ਦੀ ਸਪਲਾਈ ਕਰਨ ਲਈ ਬੀ ਆਰ ਐਸ ਨਗਰ ਇਲਾਕੇ ਵਿੱਚ ਭੇਜਿਆ ਹੈ।ਇਸ ਉੱਤੇ ਐਸ ਟੀ ਐਫ ਦੀ ਟੀਮ ਨੇ ਸਪੈਸ਼ਲ ਨਾਕਾਬੰਦੀ ਕਰ ਕੇ ਮੋਟਰਸਾਈਕਲ ਉੱਤੇ ਆ ਰਹੇ ਦੋ ਵਿਅਕਤੀਆਂ ਨੂੰ ਚੈਕਿੰਗ ਲਈ ਰੋਕਿਆ। ਜਦੋਂ ਪੁਲਸ ਨੇ ਉਨ੍ਹਾਂ ਦੇ ਬੈਗ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਦੋ ਕਿੱਲੋ ਆਈਸ ਅਤੇ ਇੱਕ ਇਲੈਕਟ੍ਰਾਨਿਕ ਕੰਡਾ ਮਿਲਿਆ, ਜਿਸ ਤੋਂ ਬਾਅਦ ਪੁਲਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਤਿੰਨਾਂ ਦੋਸ਼ੀਆਂ ਦੇ ਖ਼ਿਲਾਫ਼ ਮੋਹਾਲੀ ਐਸ ਟੀ ਐਫ ਥਾਣੇ ਵਿੱਚ ਨਸ਼ੀਲੇ ਪਦਾਰਥਾਂ ਬਾਰੇ(ਐਨ ਡੀ ਪੀ ਐਸ) ਐਕਟ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਏ ਆਈ ਜੀ ਨੇ ਦੱਸਿਆ ਕਿ ਐਸ ਟੀ ਐਫ ਨੇ ਨਸ਼ਾ ਸਮੱਗਲਰ ਹਰਪ੍ਰੀਤ ਸਿੰਘ ਅਤੇ ਅਰਜਨ ਤੋਂ ਪੁੱਛਗਿੱਛ ਕੀਤੀ ਤਾਂ ਉਸ ਦੀ ਨਿਸ਼ਾਨਦੇਹੀ ਉੱਤੇ ਮੁੱਖ ਦੋਸ਼ੀ ਵਿਸ਼ਾਲ ਉਰਫ਼ ਵਿਨੇ ਦੇ ਘਰ ਲੇਬਰ ਕਾਲੋਨੀ ਵਿੱਚ ਛਾਪਾ ਮਾਰਿਆ, ਜਿੱਥੇ ਉਸ ਦੇ ਘਰ ਪਈ ਅਲਮਾਰੀ ਤੋਂ 18 ਕਿਲੋ 800 ਗ੍ਰਾਮ ਆਈਸ ਹੋਰ ਮਿਲੀ। ਇਸ ਕੇਸ ਵਿੱਚ 20 ਕਿਲੋ 800 ਗ੍ਰਾਮ ਆਈਸ ਦੀ ਕੁਲ ਬਰਾਮਦਗੀ ਹੋਈ ਹੈ। ਉਕਤ ਨਸ਼ੇ ਦਾ ਕਾਰੋਬਾਰ ਚਲਾਉਣ ਵਾਲਾ ਕਿੰਗਪਿਨ ਵਿਸ਼ਾਲ ਉਰਫ਼ ਵਿਨੇ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਅਤੇ ਹੋਰਨਾਂ ਸੂਬਿਆਂ ਵਿੱਚ ਨਸ਼ੇ ਦਾ ਨੈਟਵਰਕ ਚਲਾ ਰਿਹਾ ਸੀ, ਜਿਸ ਨੂੰ ਗ੍ਰਿਫ਼ਤਾਰ ਕਰਨ ਲਈ ਕਈ ਟੀਮਾਂ ਬਣਾ ਕੇ ਛਾਪੇਮਾਰੀ ਚੱਲ ਰਹੀ ਹੈ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਹਰਪ੍ਰੀਤ ਸਿੰਘ ਉੱਤੇ ਪਹਿਲਾਂ ਅਫੀਮ ਦੀ ਸਮੱਗਲਿੰਗ ਦਾ ਇੱਕ ਕੇਸ ਦਰਜ ਹੈ, ਜਿਸ ਵਿੱਚ ਉਹ ਜ਼ਮਾਨਤ ਉੱਤੇ ਬਾਹਰ ਆਇਆ ਹੋਇਆ ਹੈ। ਦੋਵਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਰਿਮਾਂਡ ਦੌਰਾਨ ਕਈ ਅਹਿਮ ਖੁਲਾਸੇ ਦੀ ਸੰਭਾਵਨਾ ਹੈ।

## ਗੁਰਦੁਆਰਾ ਸਾਹਿਬ ਦੀ ਪੰਜਵੀ ਵਰ੍ਹੇ ਗੰਢ ਸਬੰਧੀ ਸਮਾਗਮ ਕਰਵਾਏ









ਕੈਮਬ੍ਰਿਜ: ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੈਮਬ੍ਰਿਜ ਗੁਰਦੁਆਰਾ ਸਾਹਿਬ ਜੀ ਦੀ ਪੰਜਵੀ ਵਰੇਗੰਢ ਸਬੰਧੀ ਗੁਰਮਤਿ ਸਮਾਗਮ 19 ਜੂਨ 2022 ਦਿਨ ਐਤਵਾਰ ਸਵੇਰੇ 10 ਵਜੇ ਤੋਂ ਦੁਪਹਿਰ 2ਵਜੇ ਤੱਕ ਕਰਵਾਇਆ ਗਿਆ ਜਿਸ ਦੌਰਾਨ ਗੁਰੁਦੁਆਰਾ ਸਾਹਿਬ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਸਜੇ ਹੋਏ ਦੀਵਾਨਾਂ ਵਿਚ ਪੰਥ ਪ੍ਰਸਿੱਧ ਢਾਡੀ ਜਥੇ ਵਿਚ ਢਾਡੀ ਗੁਰਮੁਖ ਸਿੰਘ ਗੁਰਨੂਰ, ਭਾਈ ਸੁਖਜੀਵਨ ਸਿੰਘ ਝੰਡੇਰ, ਭਾਈ ਗੁਰਪ੍ਰੀਤ ਸਿੰਘ, ਹਜੂਰੀ ਕੀਰਤਨੀ ਜਥੇ ਅਤੇ ਬੱਚਿਆਂ ਨੇ ਗੁਰ ਸੰਗਤਾਂ ਨਾਲ ਕੀਰਤਨ ਦੀ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਇਤਿਹਾਸ ਵਿੱਚੋਂ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਕਿਹਾ ਕੇ ਸਾਨੂੰ ਪੀਰੀ ਮੀਰੀ ਦੇ ਸੰਕਲਪ ਨੂੰ ਸਮਝਣਾ ਪਵੇਗਾ ਰਾਜਪਾਲ ਸਿੰਘ ਵਲੋਂ ਕਵਿਤਾ ਪੜੀ ਗਈ ਸਮਾਗਮ ਦੀ ਸੰਪੂਰਨਤਾ ਤੇ ਗੁਰ-ਦੁਆਰਾ ਪ੍ਰਬੰਧ ਵਲੋਂ ਸੁੱਖਵਿੰਦਰ ਸਿੰਘ ਨੇ ਸੰਗਤਾਂ ਨੂੰ ਵਧਾਈ ਦਿਤੀ ਅਤੇ ਆਉਣ ਵਾਲੇ ਸਮਾਗਮਾਂ ਵਿਚ ਹਾਜ਼ਰੀ ਭਰਨ ਅਤੇ ਸਹਿਜੋਗ ਦੇਣ ਲਈ ਕਿਹਾ ਸਮਾਗਮ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤਿਆ ਭਰਵੀ ਗਿਣਤੀ ਵਿਚ ਸੰਗਤਾਂ ਵਲੋਂ ਹਾਜ਼ਰੀ ਭਰੀ ਗਈ।

## ਠੱਗ ਫ਼ੋਨ ਕਾਲਾਂ ਕਰਕੇ ਬਿਜਲੀ ਖਪਤਕਾਰਾਂ ਨੂੰ ਭੁਗਤਾਨ ਕਰਨ ਲਈ ਵੀ ਕਹਿਣ ਲੱਗ ਪਏ

ਜਲੰਧਰ, 29 ਜੂਨ (ਪੋਸਟ ਬਿਊਰੋ)- ਆਨਲਾਈਨ ਠੱਗਾਂ ਨੇ ਬਿਜਲੀ ਖੇਤਰ ਵਿੱਚ ਵੀ ਸੰਨ ਲਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਖਪਤਕਾਰਾਂ ਨੂੰ ਡਰਾ ਕੇ ਉਨ੍ਹਾਂ ਤੋਂ ਰਕਮਾਂ ਮੰਗਵਾਉਣ ਦਾ ਯਤਨ ਕਰ ਰਹੇ ਹਨ। ਖਪਤਕਾਰਾਂ ਨੂੰ ਇਸ ਮਾਮਲੇ ਵਿੱਚ ਆਏ ਦਿਨ ਜਾਅਲੀ ਫ਼ੋਨ ਕਾਲਾਂ ਮਿਲਦੀਆਂ ਹਨ ਕਿ ਉਨ੍ਹਾਂ ਨੇ ਬਿੱਲ ਨਹੀਂ ਭਰਿਆ, ਜਿਸ ਕਰਕੇ ਉਨ੍ਹਾਂ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ ਅਤੇ ਖਪਤਕਾਰਾਂ ਨੂੰ ਉਨ੍ਹਾਂ ਦੇ ਦਿੱਤੇ ਆਨਲਾਈਨ ਪਤੇ ਉੱਤੇ ਰਕਮ ਆਨਲਾਈਨ ਭੇਜਣ ਲਈ ਕਿਹਾ ਜਾਂਦਾ ਹੈ। ਪਾਵਰਕਾਮ ਦੇ ਧਿਆਨ ਵਿੱਚ ਏਦਾਂ ਦੇ ਕਈ ਕੇਸ ਆਏ ਹਨ ਤੇ ਪਾਵਰਕਾਮ ਨੇ ਖਪਤਕਾਰਾਂ ਨੂੰ ਇਸ ਬਾਰੇ ਜਾਗਰੂਕ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਖਪਤਕਾਰ ਠੱਗੀ ਦਾ ਸ਼ਿਕਾਰ ਨਾ ਹੋ ਸਕਣ।

ਇਸ ਬਾਰੇ ਪਾਵਰਕਾਮ ਦਾ ਕਹਿਣਾ ਹੈ ਕਿ ਉਸ ਵੱਲੋਂ ਖਪਤਕਾਰਾਂ ਨੂੰ ਇਸ ਨਾਲ ਨਿਪਟਣ ਲਈ ਜਾਗਰੂਕ ਕੀਤਾ ਜਾਂਦਾ ਹੈ, ਪਰ ਏਦਾਂ ਦੇ ਸਾਈਬਰ ਠੱਗ ਆਏ ਦਿਨ ਲੋਕਾਂ ਨੂੰ ਠੱਗਣ ਦੇ ਨਵੇਂ-ਨਵੇਂ ਤਰੀਕੇ ਲੱਭਦੇ ਹਨ, ਜਿਸ ਕਰਕੇ ਲੋਕਾਂ ਨੂੰ ਇਸ ਡਿਜੀਟਲ ਯੁੱਗ ਵਿੱਚ ਹੋਰ ਜ਼ਿਆਦਾ ਸੁਚੇਤ ਹੋਣ ਦੀ ਲੋੜ ਹੈ ਤੇ ਆਪਣੇ ਬੈਂਕ ਖਾਤਿਆਂ, ਆਧਾਰ ਜਾਂ ਹੋਰ ਅਹਿਮ ਜਾਣਕਾਰੀ ਕਿਸੇ ਵੀ ਸੂਰਤ ਵਿੱਚ ਕਿਸੇ ਵੀ ਫ਼ੋਨ ਕਾਲ ਵਾਲਿਆਂ ਨਾਲ ਸਾਂਝੀ ਨਹੀਂ ਕਰਨੀ ਚਾਹੀਦੀ ਹੈ।

## ਮੈਟਰੋ ਪੰਜਾਬੀ ਸਪੋਰਟਸ ਕਲੱਬ ਵੱਲੋਂ ਕੈਨੇਡਾ ਕਬੱਡੀ ਕੱਪ 13 ਅਗਸਤ ਨੂੰ

ਮੈਟਰੋ ਪੰਜਾਬੀ ਸਪੋਰਟਸ ਕਲੱਬ ਵਲੋਂ ਸੂਚਨਾ ਦਿੱਤੀ ਜਾਂਦੀ ਹੈ ਕਿ ਉਨਟਾਰੀਓ ਦਾ ਆਪਣਾ 29ਵਾਂ ਕੈਨੇਡਾ ਕਬੱਡੀ ਕੱਪ ਆਉਣ ਵਾਲੀ 13 ਅਗਸਤ 2022 ਨੂੰ ਹੈਮਿਲਟਨ ਦੇ ਫਸਟ ਉਨਟਾਰੀਓ ਸੈਂਟਰ (First Ontario Center) ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਕੈਨੇਡਾ ਈਸਟ(ਉਨਟਾਰੀਓ, ਕੈਨੇਡਾ ਵੈਸਟ(ਬੀ ਸੀ), ਭਾਰਤ, ਇੰਗਲੈਂਡ, ਅਮਰੀਕਾ ਅਤੇ ਯੂਰਪ ਦੀਆਂ ਭਾਗ ਲੈਣਗੀਆਂ। ਇਹ ਕੈਨੇਡਾ ਕੱਪ ਸਾਡੇ ਨਾਲੋਂ ਵਿੱਛੜ ਚੁੱਕੇ ਸਾਡੇ ਕਪਤਾਨ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਸਮਰਪਿਤ ਕੀਤਾ ਜਾਵੇਗਾ। ਅਸੀਂ ਸਾਰੇ ਪਿੰਟ, ਇਲੈਕਟਰੋਨਿਕ ਮੀਡਿਆ ਬੇਨਤੀ ਕਰਦੇ ਹਾਂ ਕਿ ਇਸਤੁਹਾਡੇ ਆਪਣੇ। ਕੱਪ ਨੂੰ ਸਫਲ ਬਣਾਉਣ ਲਈ ਮੈਟਰੋ ਪੰਜਾਬੀ ਸਪੋਰਟਸ ਕਲੱਬ ਦਾ ਸਾਥ ਦਿਓ। ਇਸ ਕੱਪ ਸੰਬੰਧੀ ਆਉਣ ਵਾਲੇ ਦਿਨਾਂ ਵਿੱਚ ਪ੍ਰੈਸ ਕਾਨਫਰੰਸ ਕਰਕੇ ਹੋਰ ਜਾਣਕਾਰੀ ਦਿੱਤੀ ਜਾਵੇਗੀ।







# ਗਰਭਪਾਤ ਲਈ ਨੈਤਿਕ ਤੌਰ 'ਤੇ ਕੌਣ ਜ਼ਿੰਮੇਵਾਰ ਹੈ ?


ਸੁਰਜੀਤ ਸਿੰਘ ਫਲੋਰਾ

ਗਰਭਪਾਤ ਲਈ ਨੈਤਿਕ ਤੌਰ 'ਤੇ ਕੌਣ ਜ਼ਿੰਮੇਵਾਰ ਹੈ? ਸਭ ਤੋਂ ਪਹਿਲਾਂ, ਇਹ ਕੋਈ ਨੈਤਿਕ ਮੁੱਦਾ ਨਹੀਂ ਹੈ। ਇਹ ਇੱਕ ਔਰਤ ਅਤੇ ਉਸਦੇ ਪ੍ਰੈਕਟੀਸ਼ਨਰ ਵਿਚਕਾਰ ਇੱਕ ਡਾਕਟਰੀ ਮੁੱਦਾ ਹੈ ਅਤੇ ਕਿਸੇ ਹੋਰ ਨੂੰ ਇਹ ਵੀ ਨਹੀਂ ਪਤਾ ਹੋਣਾ ਚਾਹੀਦਾ ਹੈ ਕਿ ਬੰਦ ਦਰਵਾਜ਼ਿਆਂ ਦੇ ਪਿੱਛੇ ਉਹਨਾਂ ਦੁਆਰਾ ਕੀ ਚਰਚਾ ਕੀਤੀ ਜਾ ਰਹੀ ਹੈ।

ਜਿਵੇਂ ਕਿ ਵੱਖੋ-ਵੱਖਰੇ ਪਿਛੋਕੜ ਵਾਲੇ ਸਿਆਸਤਦਾਨ ਅਤੇ ਲਾਬਿੰਗ ਸਮੂਹ ਗਰਭਪਾਤ ਤੱਕ ਪਹੁੰਚ ਦੇ ਮਾਮਲੇ ਵਿੱਚ ਔਰਤਾਂ ਦੇ ਅਧਿਕਾਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਇਹ ਯਾਦ ਰੱਖਣਾ ਚਾਹੀਦਾ ਹੈ ਕਿ: ਗਰਭਪਾਤ ਨੈਤਿਕ ਅਤੇ ਦਾਰਸ਼ਨਿਕ ਤੌਰ 'ਤੇ ਜਾਇਜ਼ ਹੈ।

ਇੱਥੇ ਗਰਭਪਾਤ ਦੇ ਹੱਕ ਵਿੱਚ ਔਰਤਾਂ ਦੇ ਅਧਿਕਾਰਾਂ ਦੀਆਂ ਕੁਝ ਦਲੀਲਾਂ ਹਨ: ਔਰਤਾਂ ਨੂੰ ਇਹ ਫੈਸਲਾ ਕਰਨ ਦਾ ਨੈਤਿਕ ਅਧਿਕਾਰ ਹੈ ਕਿ ਉਨ੍ਹਾਂ ਦੇ ਸਰੀਰ ਨਾਲ ਕੀ ਕਰਨਾ ਹੈ, ਗਰਭਪਾਤ ਦਾ ਅਧਿਕਾਰ ਲੰਿਗ ਸਮਾਨਤਾ ਲਈ ਮਹੱਤਵਪੂਰਨ ਹੈ, ਗਰਭਪਾਤ ਦਾ ਅਧਿਕਾਰ ਵਿਅਕਤੀਗਤ ਔਰਤਾਂ ਲਈ ਆਪਣੀ ਪੂਰੀ ਪ੍ਰਾਪਤੀ ਲਈ ਜ਼ਰੂਰੀ ਹੈ। ਸੰਭਾਵੀ, ਗਰਭਪਾਤ 'ਤੇ ਪਾਬੰਦੀ ਲਗਾਉਣਾ ਔਰਤਾਂ ਨੂੰ ਗੈਰ-ਕਾਨੂੰਨੀ ਗਰਭਪਾਤ ਕਰਨ ਵਾਲਿਆਂ ਦੀ ਵਰਤੋਂ ਕਰਨ ਲਈ ਮਜਬੂਰ ਕਰਕੇ ਖਤਰੇ ਵਿੱਚ ਪਾਉਂਦਾ ਹੈ ਅਤੇ ਗਰਭਪਾਤ ਦਾ ਅਧਿਕਾਰ ਗਰਭ ਅਵਸਥਾ ਦੇ ਅਧਿਕਾਰਾਂ ਦੇ ਇੱਕ ਪੋਰਟਫੋਲੀਓ ਦਾ ਹਿੱਸਾ ਹੋਣਾ ਚਾਹੀਦਾ ਹੈ ਜੋ ਔਰਤਾਂ ਨੂੰ ਇੱਕ ਸੱਚਮੁੱਚ ਆਜ਼ਾਦ ਚੋਣ ਕਰਨ ਦੇ ਯੋਗ ਬਣਾਉਂਦਾ ਹੈ ਕਿ ਕੀ ਗਰਭ ਅਵਸਥਾ ਦੇ ਅਧਿਕਾਰਾਂ ਨੂੰ ਖ਼ਤਮ ਕਰਨਾ ਹੈ।

ਇਹ ਦਲੀਲ ਸਾਨੂੰ ਯਾਦ ਦਿਵਾਉਂਦੀ ਹੈ ਕਿ ਗਰਭਪਾਤ ਦੀ ਬਹਿਸ ਵਿੱਚ ਵੀ, ਸਾਨੂੰ ਔਰਤ ਨੂੰ ਇੱਕ ਵਿਅਕਤੀ ਵਜੋਂ ਸਮਝਣਾ ਚਾਹੀਦਾ ਹੈ ਨਾ ਕਿ ਸਿਰਫ਼ ਭਰੂਣ ਲਈ ਇੱਕ ਡੱਬੇ ਵਜੋਂ। ਇਸ ਲਈ ਸਾਨੂੰ ਉਸ ਦੇ ਅਧਿਕਾਰਾਂ ਅਤੇ ਲੋੜਾਂ ਦੇ ਨਾਲ-ਨਾਲ ਅਣਜੰਮੇ ਬੱਚੇ ਦੀਆਂ ਜ਼ਰੂਰਤਾਂ ਵੱਲ ਬਹੁਤ ਧਿਆਨ ਦੇਣਾ ਚਾਹੀਦਾ ਹੈ।

ਪਸੰਦੀਦਾ ਔਰਤਾਂ ਦੇ ਅਧਿਕਾਰਾਂ ਦੇ ਕਾਰਕੁਨ ਭਰੂਣ ਪ੍ਰਤੀ ਅਸਾਧਾਰਨ ਜਾਂ ਬੇਰਹਿਮ ਰਵੱਈਆ ਨਹੀਂ ਰੱਖਦੇ; ਉਲਟਾ ਆਮ ਤੌਰ 'ਤੇ ਸੱਚ ਹੁੰਦਾ ਹੈ, ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਮੰਨਦੇ ਹਨ ਕਿ ਗਰਭਪਾਤ ਦੀ ਚੋਣ ਕਰਨਾ ਆਮ ਤੌਰ 'ਤੇ ਕਾਰਵਾਈ ਦੇ ਕਈ ਮਾੜੇ ਕੋਰਸਾਂ ਵਿੱਚੋਂ ਘੱਟ ਤੋਂ ਘੱਟ ਬੁਰਾ ਚੁਣਨ ਦਾ ਮਾਮਲਾ ਹੁੰਦਾ ਹੈ।

ਗਰਭਪਾਤ ਦਾ ਮੁੱਦਾ ਵੱਡੇ ਪੱਧਰ 'ਤੇ ਭਰੂਣ ਅਤੇ ਮਾਂ ਦੇ ਅਧਿਕਾਰਾਂ ਨਾਲ ਨਜਿੱਠਣ ਲਈ ਸਮਰਪਿਤ ਹੈ। ਪਿਤਾ ਦੇ ਹੱਕਾਂ ਅਤੇ ਸਰੋਕਾਰਾਂ ਦੀ ਚਰਚਾ ਘੱਟ ਹੀ ਹੁੰਦੀ ਹੈ।

ਪਿਤਾ ਅਤੇ ਗਰਭਪਾਤ ਬਾਰੇ ਸਭ ਤੋਂ ਆਮ ਮਾਮਲਾ ਉਦੋਂ ਹੁੰਦਾ ਹੈ ਜਦੋਂ ਪਿਤਾ ਚਾਹੁੰਦਾ ਹੈ ਕਿ ਮਾਂ ਗਰਭਪਾਤ ਕਰਵਾਵੇ ਅਤੇ ਉਹ ਨਹੀਂ ਕਰਦੀ।

ਪਰ ਕਈ ਵਾਰ ਮਾਂ ਗਰਭਪਾਤ ਚਾਹੁੰਦੀ ਹੈ ਅਤੇ ਪਿਤਾ ਚਾਹੁੰਦਾ ਹੈ ਕਿ ਉਹ ਬੱਚਾ ਪੈਦਾ ਕਰੇ। ਕੀ ਗਰਭਪਾਤ ਨੈਤਿਕ ਤੌਰ 'ਤੇ ਗਲਤ ਹੈ ਕਿਉਂਕਿ ਇਹ ਪਿਤਾ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ?

ਪਿਤਾ ਅਤੇ ਅਦਾਲਤਾਂ - 2002 ਵਿੱਚ ਇੱਕ ਨਵੇਂ ਚੀਨੀ ਕਾਨੂੰਨ ਨੇ ਇੱਕ ਆਦਮੀ ਨੂੰ ਆਪਣੀ ਪਤਨੀ ਦੇ ਅਧਿਕਾਰ ਦੇ ਬਰਾਬਰ ਬੱਚਾ ਪੈਦਾ ਕਰਨ ਦਾ ਅਧਿਕਾਰ ਦਿੱਤਾ, ਅਤੇ ਇੱਕ ਆਦਮੀ ਨੇ ਆਪਣੀ ਪਤਨੀ ਨੂੰ ਗਰਭਪਾਤ ਕਰਵਾ ਕੇ ਇਸ ਅਧਿਕਾਰ ਦੀ ਉਲੰਘਣਾ ਕਰਨ ਲਈ ਮੁਕੱਦਮਾ ਕੀਤਾ। ਨਾਲ ਹੀ, ਅਮਰੀਕੀ ਅਦਾਲਤਾਂ ਨੇ ਲਗਾਤਾਰ ਫੈਸਲਾ ਕੀਤਾ ਹੈ ਕਿ ਇੱਕ ਔਰਤ ਦੇ ਗਰਭਪਾਤ ਦੇ ਅਧਿਕਾਰ ਨੂੰ ਪਤੀ, ਸਾਥੀ ਜਾਂ ਸਾਬਕਾ ਬੁਆਏਫ੍ਰੈਂਡ ਦੁਆਰਾ ਵੀਟੋ ਨਹੀਂ ਕੀਤਾ ਜਾ ਸਕਦਾ ਹੈ, ਅਤੇ ਇਹ ਵੀ ਕਿ ਇੱਕ ਔਰਤ ਨੂੰ ਪਿਤਾ ਨੂੰ ਸੂਚਿਤ ਕਰਨ ਦੀ ਲੋੜ ਨਹੀਂ ਹੈ ਕਿ ਉਹ ਗਰਭਪਾਤ ਕਰਵਾਉਣ ਦਾ ਇਰਾਦਾ ਰੱਖਦੀ ਹੈ।

ਪਿਤਾ ਦੇ ਅਧਿਕਾਰਾਂ ਦੀ ਬਹੁਤੀ ਚਰਚਾ ਨਹੀਂ ਕੀਤੀ ਗਈ ਹੈ। ਜੇਕਰ ਪਿਤਾ ਦੀ ਇੱਕ ਬੱਚਾ ਪੈਦਾ ਕਰਨ ਵਿੱਚ ਨੈਤਿਕ ਤੌਰ 'ਤੇ ਜਾਇਜ਼ ਦਿਲਚਸਪੀ ਹੈ, ਅਤੇ ਮਾਂ ਪਿਤਾ ਨੂੰ ਇਹ ਵਿਸ਼ਵਾਸ ਕਰਨ ਲਈ ਗੁੰਮਰਾਹ ਕਰਦੀ ਹੈ ਕਿ ਜੇਕਰ ਉਹ ਕੁਝ ਕੰਮ ਕਰਦਾ ਹੈ ਤਾਂ ਉਹ ਉਸਨੂੰ ਇੱਕ ਬੱਚਾ ਦੇਵੇਗਾ, ਅਤੇ ਪਿਤਾ ਉਹ ਚੀਜ਼ਾਂ ਪਰਿਵਾਰ ਰੱਖਣ ਦੇ ਖਾਸ ਉਦੇਸ਼ ਲਈ ਕਰਦਾ ਹੈ, ਤਾਂ ਮਾਂ ਲਈ ਜਾਣਬੁੱਝ ਕੇ ਪਿਤਾ ਨੂੰ ਬੱਚੇ ਪੈਦਾ ਕਰਨ ਤੋਂ ਰੋਕਣਾ ਗਲਤ ਹੈ।

ਇਹਨਾਂ ਮਾਮਲਿਆਂ ਵਿੱਚ ਔਰਤ ਦੁਆਰਾ ਜਾਣਬੁੱਝ ਕੇ ਧੋਖਾ ਦੇਣਾ ਸ਼ਾਮਲ ਹੈ: ਉਹ ਬੱਚੇ ਚਾਹੁੰਦਾ ਹੈ ਪਰ ਉਹ ਨਹੀਂ ਚਾਹੁੰਦਾ, ਉਹ ਉਸਨੂੰ ਇਹ ਦੱਸਣ ਵਿੱਚ ਅਸਫਲ ਹੋ ਕੇ ਉਸਨੂੰ ਧੋਖਾ ਦਿੰਦੀ ਹੈ ਕਿ ਉਸਨੂੰ ਇੱਕ ਪਰਿਵਾਰ ਨਹੀਂ ਚਾਹੀਦਾ, ਉਹ ਆਪਣੇ ਆਪ ਨੂੰ ਉਸਨੂੰ ਅਤੇ ਬਹੁਤ-ਇੱਛਤ ਪਰਿਵਾਰ ਨੂੰ ਸਮਰਪਿਤ ਕਰ ਦਿੰਦਾ ਹੈ, ਉਹ ਅਚਾਨਕ ਗਰਵਤੀ ਹੋ ਜਾਂਦੀ ਹੈ। ਗਰਭਵਤੀ, ਉਹ ਖੁਸ਼ ਹੈ ਪਰ ਉਹ ਅਣਜੰਮੇ ਬੱਚੇ ਦਾ ਗਰਭਪਾਤ ਕਰ ਦਿੰਦੀ ਹੈ।

ਕੁਝ ਲੋਕ ਇਸ 'ਤੇ ਇਹ ਕਹਿ ਕੇ ਇਤਰਾਜ਼ ਕਰਦੇ ਹਨ ਕਿ ਗਲਤੀ ਪਿਤਾ ਦੇ ਕਿਸੇ ਨੈਤਿਕ ਅਧਿਕਾਰ ਦੀ ਬਜਾਏ ਮਾਂ ਦੀ ਜਾਣਬੁੱਝ ਕੇ ਕੀਤੀ ਦੁਰਵਿਹਾਰ ਤੋਂ ਹੁੰਦੀ ਹੈ।

ਕਈ ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਭਰੂਣ ਅਵਸਥਾ ਵਿੱਚ ਮਨੁੱਖ ਵਿਅਕਤੀ ਨਹੀਂ ਹੁੰਦੇ ਕਿਉਂਕਿ ਭਰੂਣ ਵਾਲੇ ਮਨੁੱਖ ਉੱਚ ਮਾਨਸਿਕ ਸਮਰੱਥਾ ਜਾਂ ਕਾਰਜ ਨਹੀਂ ਕਰਦੇ। ਅਸੀਂ ਦਲੀਲ ਦਿੱਤੀ ਹੈ ਕਿ ਇੱਕ ਵਿਅਕਤੀ ਬਣਨ ਲਈ, ਇੱਕ ਹਸਤੀ ਨੂੰ ਸਵੈ-ਜਾਗਰੂਕ ਹੋਣਾ ਚਾਹੀਦਾ ਹੈ। ਕੋਈ ਉਹਨਾਂ ਦੇ ਅਧਿਕਾਰਾਂ ਦੀ ਰੇਖਾ ਕਿੱਥੇ ਖਿੱਚਦਾ ਹੈ ਜੋ ਅਧਿਕਾਰਾਂ ਦੇ ਅਧੀਨ ਹਨ ਅਤੇ ਜੋ ਨਹੀਂ ਹਨ?

ਹਰ ਸਥਿਤੀ ਵਿੱਚ, ਫੈਸਲਾ ਮਾਂ 'ਤੇ ਛੱਡ ਦੇਣਾ ਚਾਹੀਦਾ ਹੈ.

ਜਨਮ ਦੇ ਆਲੇ ਦੁਆਲੇ ਲਗਾਤਾਰ ਵਧ ਰਹੀਆਂ ਤਕਨੀਕੀ ਕਾਢਾਂ ਅਮਰੀਕੀ ਪ੍ਰਸੂਤੀ ਵਿਗਿਆਨ ਵਿੱਚ ਬਾਇਓਮੈਡੀਕਲ ਨੈਤਿਕਤਾ ਵਿੱਚ ਨਵੀਆਂ ਚੁਣੌਤੀਆਂ ਪੈਦਾ ਕਰ ਰਹੀਆਂ ਹਨ। ਗਰਭਪਾਤ ਦੇ ਸਿਆਸੀਕਰਨ ਨੇ ਇਹਨਾਂ ਚੁਣੌਤੀਆਂ ਨੂੰ ਵਧਾ ਦਿੱਤਾ ਹੈ ਅਤੇ ਡਾਕਟਰਾਂ ਦੀ ਨਿੱਜੀ ਨੈਤਿਕਤਾ ਅਤੇ ਪੇਸ਼ੇਵਰ ਜ਼ਿੰਮੇਵਾਰੀ ਵਿਚਕਾਰ ਟਕਰਾਅ ਵਧਾਇਆ ਹੈ।

ਇੱਕ ਨਵਾਂ ਉਪਜਾਊ ਅੰਡਕੋਸ਼, ਸੈੱਲਾਂ ਦਾ ਇੱਕ ਨਵਾਂ ਲਗਾਇਆ ਗਿਆ ਝੁੰਡ, ਇੱਕ ਐਂਬਰੀਓ ਇੱਕ ਓਕ ਦੇ ਦਰੱਖਤ ਨਾਲੋਂ ਵੱਧ ਇੱਕ ਵਿਅਕਤੀ ਨਹੀਂ ਹੈ। ਕਿਵੇਂ, ਸਹੀ ਢੰਗ ਨਾਲ, ਅਸੀਂ ਉੱਥੋਂ ਇਸ ਸਿੱਟੇ 'ਤੇ ਕਿਵੇਂ ਪਹੁੰਚ ਸਕਦੇ ਹਾਂ ਕਿ ਗਰਭਪਾਤ ਨੈਤਿਕ ਤੌਰ 'ਤੇ ਅਯੋਗ ਹੈ? ਗਰਭਪਾਤ ਦੇ ਵਿਰੋਧੀ ਆਮ ਤੌਰ 'ਤੇ ਆਪਣਾ ਜ਼ਿਆਦਾਤਰ ਸਮਾਂ ਇਹ ਸਥਾਪਿਤ ਕਰਨ ਵਿੱਚ ਬਿਤਾਉਂਦੇ ਹਨ ਕਿ ਗਰਭ ਵਿਚ ਬੱਚਾ ਇੱਕ ਵਿਅਕਤੀ ਹੈ, ਅਤੇ ਸ਼ਾਇਦ ਹੀ ਕਦੇ ਵੀ ਗਰਭਪਾਤ ਦੀ ਅਯੋਗਤਾ ਤੱਕ ਦੇ ਕਦਮ ਦੀ ਵਿਆਖਿਆ ਕਰਦੇ ਹਨ।

ਦਲੀਲ ਕਿਵੇਂ ਚਲਦੀ ਹੈ? ਕੁਝ ਇਸ ਤਰ੍ਹਾਂ - ਹਰ ਵਿਅਕਤੀ ਨੂੰ ਜੀਵਨ ਦਾ ਅਧਿਕਾਰ ਹੈ। ਇਸ ਲਈ, ਭਰੂਣ ਨੂੰ ਜੀਵਨ ਦਾ ਅਧਿਕਾਰ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਂ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੈ ਕਿ ਉਸ ਦੇ ਸਰੀਰ ਵਿਚ ਕੀ ਹੋਣਾ ਹੈ; ਹਰ ਕੋਈ ਇਸ ਨੂੰ ਪ੍ਰਦਾਨ ਕਰੇਗਾ। ਪਰ ਨਿਸ਼ਚਿਤ ਤੌਰ 'ਤੇ ਇੱਕ ਵਿਅਕਤੀ ਦਾ ਜੀਵਨ ਦਾ ਅਧਿਕਾਰ ਮਾਂ ਦੇ ਇਹ ਫੈਸਲਾ ਕਰਨ ਦੇ ਅਧਿਕਾਰ ਨਾਲੋਂ ਵਧੇਰੇ ਮਜ਼ਬੂਤ ਅਤੇ ਸਖ਼ਤ ਹੈ ਕਿ ਉਸਦੇ ਸਰੀਰ ਵਿੱਚ ਕੀ ਹੁੰਦਾ ਹੈ, ਅਤੇ ਇਸ ਲਈ ਇਸ ਤੋਂ ਵੀ ਵੱਧ ਹੈ। ਇਸ ਲਈ ਭਰੂਣ ਨੂੰ ਮਾਰਿਆ ਨਹੀਂ ਜਾ ਸਕਦਾ; ਗਰਭਪਾਤ ਨਹੀਂ ਕੀਤਾ ਜਾ ਸਕਦਾ ਹੈ।

ਕੀ ਉਹ ਲੋਕ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ ਕਿ ਗਰਭਪਾਤ ਦਾ ਵਿਰੋਧ ਕਰਦੇ ਹਨ, ਕੀ ਉਹ ਬਲਾਤਕਾਰ ਦੇ ਕਾਰਨ ਗਰਭਪਾਤ ਲਈ ਅਪਵਾਦ ਕਰ ਸਕਦੇ ਹਨ? ਯਕੀਨਨ. ਉਹ ਕਹਿ ਸਕਦੇ ਹਨ ਕਿ ਵਿਅਕਤੀਆਂ ਨੂੰ ਜੀਵਨ ਦਾ ਅਧਿਕਾਰ ਤਾਂ ਹੀ ਹੈ ਜੇਕਰ ਉਹ ਬਲਾਤਕਾਰ ਕਰਕੇ ਹੋਂਦ ਵਿੱਚ ਨਹੀਂ ਆਏ; ਜਾਂ ਉਹ ਕਹਿ ਸਕਦੇ ਹਨ ਕਿ ਸਾਰੇ ਵਿਅਕਤੀਆਂ ਨੂੰ ਜੀਵਨ ਦਾ ਅਧਿਕਾਰ ਹੈ, ਪਰ ਕੁਝ ਲੋਕਾਂ ਨੂੰ ਦੂਜਿਆਂ ਨਾਲੋਂ ਘੱਟ ਜੀਵਨ ਦਾ ਅਧਿਕਾਰ ਹੈ। ਖਾਸ ਤੌਰ 'ਤੇ, ਜੋ ਕਿ ਬਲਾਤਕਾਰ ਕਰਕੇ ਹੋਂਦ ਵਿਚ ਆਏ ਹਨ, ਘੱਟ ਹਨ. ਪਰ ਇਹਨਾਂ ਬਿਆਨਾਂ ਵਿੱਚ ਇੱਕ ਨਾਜ਼ੁਕ ਆਵਾਜ਼ ਹੈ। ਯਕੀਨੀ ਤੌਰ 'ਤੇ ਇਹ ਸਵਾਲ ਕਿ ਕੀ ਤੁਹਾਡੇ ਕੋਲ ਜ਼ਿੰਦਗੀ ਦਾ ਹੱਕ ਹੈ, ਜਾਂ ਤੁਹਾਡੇ ਕੋਲ ਇਸ ਦਾ ਕਿੰਨਾ ਕੁ ਅਧਿਕਾਰ ਹੈ, ਇਸ ਸਵਾਲ ਹੀ ਨਹੀਂ ਕਰਨਾ ਚਾਹੀਦਾ ਕਿ ਤੁਸੀਂ ਬਲਾਤਕਾਰ ਦੀ ਪੈਦਾਵਾਰ ਹੋ ਜਾਂ ਨਹੀਂ। ਅਤੇ ਵਾਸਤਵ ਵਿੱਚ, ਜੋ ਲੋਕ ਗਰਭਪਾਤ ਦਾ ਵਿਰੋਧ ਕਰਦੇ ਹਨ ਉਹ ਜ਼ਮੀਨ 'ਤੇ ਮੈਂ ਜ਼ਿਕਰ ਕੀਤਾ ਹੈ, ਉਹ ਇਹ ਅੰਤਰ ਨਹੀਂ ਕਰਦੇ ਹਨ, ਅਤੇ ਇਸ ਲਈ ਬਲਾਤਕਾਰ ਦੇ ਮਾਮਲੇ ਵਿੱਚ ਕੋਈ ਅਪਵਾਦ ਨਹੀਂ ਕਰਦੇ ਹਨ।

ਕੁਝ ਅਜਿਹੇ ਕੇਸਾਂ ਲਈ ਵੀ ਅਪਵਾਦ ਨਹੀਂ ਕਰਨਗੇ ਜਿਸ ਵਿੱਚ ਗਰਭ ਅਵਸਥਾ ਨੂੰ ਜਾਰੀ ਰੱਖਣ ਨਾਲ ਮਾਂ ਦੀ ਜ਼ਿੰਦਗੀ ਨੂੰ ਛੋਟਾ ਕਰਨ ਦੀ ਸੰਭਾਵਨਾ ਹੈ, ਉਹ ਮਾਂ ਦੀ ਜਾਨ ਬਚਾਉਣ ਲਈ ਵੀ ਗਰਭਪਾਤ ਨੂੰ ਅਯੋਗ ਮੰਨਦੇ ਹਨ। ਅਜਿਹੇ ਮਾਮਲੇ ਅੱਜਕੱਲ੍ਹ ਬਹੁਤ ਘੱਟ ਹਨ, ਅਤੇ ਗਰਭਪਾਤ ਦੇ ਬਹੁਤ ਸਾਰੇ ਵਿਰੋਧੀ ਇਸ ਅਤਿਅੰਤ ਦ੍ਰਿਸ਼ਟੀਕੋਣ ਨੂੰ ਸਵੀਕਾਰ ਨਹੀਂ ਕਰਦੇ ਹਨ।

ਮੰਨ ਲਓ ਕਿ ਇੱਕ ਔਰਤ ਗਰਭਵਤੀ ਹੋ ਗਈ ਹੈ, ਅਤੇ ਹੁਣ ਉਸਨੂੰ ਪਤਾ ਚੱਲਦਾ ਹੈ ਕਿ ਉਸਨੂੰ ਦਿਲ ਦੀ ਬਿਮਾਰੀ ਹੈ ਕਿ ਜੇਕਰ ਉਹ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਸਦੀ ਮੌਤ ਹੋ ਜਾਵੇਗੀ। ਇੱਥੋਂ ਤੱਕ ਕਿ ਇੱਕ 'ਸੀ-ਸੈਕਸ਼ਨ' ਮਾਂ ਨੂੰ ਮਾਰ ਦੇਵੇਗਾ। ਉਸ ਲਈ ਕੀ ਕੀਤਾ ਜਾ ਸਕਦਾ ਹੈ? ਗਰਭ ਵਿਚ ਬੱਚਾ ਜੀਵਨ ਲਈ ਹੈ, ਪਰ ਜਿਵੇਂ ਕਿ ਮਾਂ ਵੀ ਇੱਕ ਵਿਅਕਤੀ ਹੈ, ਉਸੇ ਤਰ੍ਹਾਂ ਉਸ ਨੂੰ ਜੀਵਨ ਦਾ ਹੱਕ ਹੈ। ਸੰਭਵ ਤੌਰ 'ਤੇ, ਉਨ੍ਹਾਂ ਨੂੰ ਜੀਵਨ ਦਾ ਬਰਾਬਰ ਦਾ ਅਧਿਕਾਰ ਹੈ। ਇਹ ਕਿਵੇਂ ਸਾਹਮਣੇ ਆਵੇਗਾ ਕਿ ਗਰਭਪਾਤ ਨਹੀਂ ਕੀਤਾ ਜਾ ਸਕਦਾ ਹੈ? ਜੇ ਮਾਂ ਅਤੇ ਬੱਚੇ ਨੂੰ ਜੀਵਨ ਦਾ ਬਰਾਬਰ ਅਧਿਕਾਰ ਹੈ, ਤਾਂ ਕੀ ਸਾਨੂੰ ਸਿੱਕਾ ਨਹੀਂ ਪਲਟਾਉਣਾ ਚਾਹੀਦਾ? ਜਾਂ ਕੀ ਸਾਨੂੰ ਮਾਂ ਦੇ ਜੀਵਨ ਦੇ ਅਧਿਕਾਰ ਵਿੱਚ ਇਹ ਫੈਸਲਾ ਕਰਨ ਦੇ ਉਸਦੇ ਅਧਿਕਾਰ ਨੂੰ ਜੋੜਨਾ ਚਾਹੀਦਾ ਹੈ ਕਿ ਉਸਦੇ ਸਰੀਰ ਵਿੱਚ ਕੀ ਹੁੰਦਾ ਹੈ, ਜਿਸ ਨੂੰ ਹਰ ਕੋਈ ਦੇਣ ਲਈ ਤਿਆਰ ਜਾਪਦਾ ਹੈ - ਉਸਦੇ ਅਧਿਕਾਰਾਂ ਦਾ ਜੋੜ ਹੁਣ ਭਰੂਣ ਦੇ ਜੀਵਨ ਦੇ ਅਧਿਕਾਰ ਤੋਂ ਵੱਧ ਗਿਆ ਹੈ?

ਸਾਨੂੰ ਦੱਸਿਆ ਜਾਂਦਾ ਹੈ ਕਿ ਗਰਭਪਾਤ ਕਰਨਾ ਸਿੱਧੇ ਤੌਰ 'ਤੇ ਬੱਚੇ ਨੂੰ ਮਾਰਨਾ ਹੈ, ਜਦੋਂ ਕਿ ਕੁਝ ਨਾ ਕਰਨਾ ਮਾਂ ਨੂੰ ਮਾਰਨਾ ਨਹੀਂ ਹੈ, ਪਰ ਸਿਰਫ਼ ਉਸ ਨੂੰ ਮਰਨ ਦੇਣਾ ਹੈ। ਇਸ ਤੋਂ ਇਲਾਵਾ, ਬੱਚੇ ਨੂੰ ਮਾਰਨ ਵਿੱਚ, ਕੋਈ ਇੱਕ ਨਿਰਦੋਸ਼ ਵਿਅਕਤੀ ਨੂੰ ਮਾਰ ਰਿਹਾ ਹੋਵੇਗਾ, ਕਿਉਂਕਿ ਬੱਚੇ ਨੇ ਕੋਈ ਅਪਰਾਧ ਨਹੀਂ ਕੀਤਾ ਹੈ, ਅਤੇ ਉਸਦੀ ਮਾਂ ਦੀ ਮੌਤ ਦਾ ਉਦੇਸ਼ ਨਹੀਂ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਸਿਰਫ਼ ਇਹ ਦਿਖਾਵਾ ਕਰਦੇ ਆਏ ਹਾਂ ਕਿ ਗਰਭ 'ਚ ਬੱਚੇ ਗਰਭ ਦੇ ਪਲ ਤੋਂ ਹੀ ਮਨੁੱਖ ਹੈ। ਬਹੁਤ ਜਲਦੀ ਗਰਭਪਾਤ ਨਿਸ਼ਚਤ ਤੌਰ 'ਤੇ ਕਿਸੇ ਵਿਅਕਤੀ ਦੀ ਹੱਤਿਆ ਨਹੀਂ ਹੈ।

ਸਾਨੂੰ "ਉਹ ਕਿਰਿਆਵਾਂ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਬਾਰੇ ਅਸੀਂ ਵੱਧ ਤੋਂ ਵੱਧ ਵਿਸ਼ਵਾਸ ਰੱਖਦੇ ਹਾਂ ਨੈਤਿਕ ਤੌਰ 'ਤੇ ਮਨਜ਼ੂਰ ਹੈ''।

ਸਧਾਰਣ ਭਾਸ਼ਾ ਵਿੱਚ ਗੱਲ ਕਰੀਏ ਤਾਂ ਇਹ ਜਿੱਥੇ ਸਾਨੂੰ ਇੱਕ ਨੈਤਿਕ ਚੋਣ ਕਰਨੀ ਪੈਂਦੀ ਹੈ, ਸਾਨੂੰ ਉਹ ਕਾਰਵਾਈ ਕਰਨੀ ਚਾਹੀਦੀ ਹੈ ਜਿਸ ਵਿੱਚ ਸਾਨੂੰ ਸਭ ਤੋਂ ਵੱਧ ਭਰੋਸਾ ਹੈ ਕਿ ਉਹ ਨੈਤਿਕ ਤੌਰ 'ਤੇ ਸਹੀ ਹੈ।

ਉਦਾਹਰਣ ਲਈ:

ਇੱਕ ਮਾਂ ਦਾ ਮੰਨਣਾ ਹੈ ਕਿ ਸੰਤੁਲਨ 'ਤੇ ਇਹ ਨੈਤਿਕ ਤੌਰ 'ਤੇ ਉਸ ਗਰਭ ਵਿਚ ਬੱਚੇ ਦਾ ਗਰਭਪਾਤ ਕਰਨ ਦੀ ਇਜਾਜ਼ਤ ਹੈ ਜੋ ਉਹ ਲੈ ਰਹੀ ਹੈ ਕਿਉਂਕਿ ਟੈਸਟ ਦਿਖਾਉਂਦੇ ਹਨ ਕਿ ਇਸ ਵਿੱਚ ਗੰਭੀਰ ਅਪਾਹਜਤਾ , ਮੁਸ਼ਕਲਾਂ ਆਉਣਗੀਆਂ , ਜਿਸ ਵਿਚ ਉਸ ਦੀ ਜਾਨ ਵੀ ਜਾ ਸਕਦੀ ਹੈ।

ਮਾਂ ਦਾ ਮੰਨਣਾ ਹੈ ਕਿ ਉਸਨੂੰ ਉਹ ਕਾਰਵਾਈ ਕਰਨੀ ਚਾਹੀਦੀ ਹੈ ਜੋ ਉਸਨੂੰ ਸਭ ਤੋਂ ਵੱਧ ਯਕੀਨ ਹੈ ਕਿ ਨੈਤਿਕ ਤੌਰ 'ਤੇ ਸਹੀ ਹੈ ਦੋਨੋਂ ਮਾਂ ਅਤੇ ਬੱਚਾ ਸਿਹਤਮੰਦ ਰਹਿਗੇ।

ਗਰਭਪਾਤ ਇੱਕ ਨੈਤਿਕ ਵਿਕਲਪ ਨਹੀਂ ਹੈ - ਇਹ ਇੱਕ ਸਰੀਰਕ ਅਤੇ ਭਾਵਨਾਤਮਕ ਵਿਕਲਪ ਹੈ, ਅਤੇ ਔਰਤਾਂ ਨੂੰ ਇਹ ਨਿਰਧਾਰਤ ਕਰਨ ਦਾ ਅਧਿਕਾਰ ਹੈ ਕਿ ਉਹ ਕੀ ਚਾਹੁੰਦੀ ਹੈ ਤੇ ਉਸ ਲਈ ਕੀ ਸਹੀ ਹੈ।

## -ਗ਼ਜ਼ਲ-

ਬਿਨਾਂ ਗੱਲੋਂ ਰੁੱਸੇ ਰਹਿਣਾ, ਤੇਰਾ ਠੀਕ ਨਹੀਂ।
ਦਿਲ ਦੀ ਗੱਲ ਨਾ ਕਹਿਣਾ, ਤੇਰਾ ਠੀਕ ਨਹੀਂ।

ਸਿਤਮ ਤੇਰੇ ਕਦੋਂ ਦੇ ਅਸੀਂ ਭੁੱਲ ਗਏ ਹਾਂ,
ਪਰ ਗ਼ੈਰਾਂ ਨਾਲ ਬਹਿਣਾ, ਤੇਰਾ ਠੀਕ ਨਹੀਂ।

ਝੱਲੀ, ਤੇਰੇ ਝੱਲੇ ਹੋ, ਜੱਗ ਰੁਸਵਾਈ,
ਗਿਣ ਕੇ ਬਦਲੇ ਲੈਣਾ, ਤੇਰਾ ਠੀਕ ਨਹੀਂ।

ਦਿਲ ਨਾ ਹੋਏ ਕਰੀਬ, ਬਦਨਸੀਬ ਕਹੇਂ,
ਚੁੱਪ-ਚਾਪ ਸਭ ਸਹਿਣਾ, ਤੇਰਾ ਠੀਕ ਨਹੀਂ।

ਮੰਜ਼ਿਲ ਕੋਈ ਵੀ ਸਰ ਕਰਨੀ ਨਹੀਂ ਸੌਖੀ,
ਗ਼ਮ ਸੀਨੇ ਵਿੱਚ ਲੁਕਾਣਾ, ਤੇਰਾ ਠੀਕ ਨਹੀਂ।

ਕਬਜ਼ਾ ਨਹੀਂ ਪਹਿਚਾਣ ਹੁੰਦੀ ਹੈ ਰੂਹਾਂ ਦੀ,
ਮੈਨੂੰ ਇੰਜ ਭੁੱਲ ਜਾਣਾ, ਤੇਰਾ ਠੀਕ ਨਹੀਂ।

ਜਾਮ ਤੇਰੀਆਂ ਅੱਖੀਆਂ 'ਚੋਂ ਅਸੀਂ ਪੀ ਬੈਠੇ,
ਮੁਹਰੇ ਮੈਖਾਨਾ ਹੋ ਬਹਿਣਾ, ਤੇਰਾ ਠੀਕ ਨਹੀਂ।

ਤੇਰਾ ਠੀਕ ਨਹੀਂ 'ਕੱਲਿਆਂ ਗ਼ਮ ਸਹਿਣਾ ਵੀ,
ਸਹਿ ਕੇ ਕੁੱਝ ਨਾ ਕਹਿਣਾ,ਤੇਰਾ ਠੀਕ ਨਹੀਂ।

ਨਹੀਂ ਆਉਣੇ ਸੀ ਸਾਡੇ ਛੱਲੇ ਮੇਚ ਤੇਰੇ,
'ਹਕੀਰ' ਗਲੇ ਦਾ ਗਹਿਣਾ, ਤੇਰਾ ਠੀਕ ਨਹੀਂ।

ਸੁਲੱਖਣ ਸਿੰਘ +647-786-6329

## ਹਲਕਾ-ਫੁਲਕਾ

ਕਬਰਿਸਤਾਨ ਦਾ ਇੱਕ ਮੁਲਾਜ਼ਮ ਨਸ਼ਾ ਕਰ ਕੇ ਕਬਰ ਪੁੱਟ ਰਿਹਾ ਸੀ, ਪੁੱਟਦੇ-ਪੁੱਟਦੇ ਸ਼ਾਮ ਹੋ ਗਈ ਅਤੇ ਕਬਰ ਡੂੰਘੀ ਹੋ ਜਾਣ ਕਾਰਨ ਉਹ ਬਾਹਰ ਨਾ ਨਿਕਲ ਸਕਿਆ। ਉਹ ਕਬਰ ਅੰਦਰੋਂ ਚੀਕ-ਚੀਕ ਕੇ ਬੋਲ ਰਿਹਾ ਸੀ, ''ਰੱਬ ਦੇ ਵਾਸਤੇ, ਕੋਈ ਮੈਨੂੰ ਬਾਹਰ ਕੱਢੋ, ਮੈਂ ਠੰਢ ਨਾਲ ਮਰਿਆ ਜਾ ਰਿਹਾਂ।''

ਇੱਕ ਸ਼ਰਾਬੀ ਉਥੋਂ ਲੰਘ ਰਿਹਾ ਸੀ, ਉਸ ਨੇ ਕਬਰ ਦੇ ਅੰਦਰ ਝਾਤੀ ਮਾਰੀ ਤੇ ਬੋਲਿਆ ''ਠੰਢ ਤਾਂ ਲੱਗੇਗੀ ਹੀ ਭਰਾਵਾ! ਲੋਕ ਤੇਰੇ ਉਤੇ ਮਿੱਟੀ ਪਾਉਣਾ ਹੀ ਭੁਲ ਗਏ।''

********

ਔਰਤ (ਦੁਕਾਨਦਾਰ ਨੂੰ), ''ਸਹੀ ਰੇਟ ਲਾਓ ਭਾਜੀ, ਅਸੀਂ ਹਮੇਸ਼ਾ ਇਸੇ ਦੁਕਾਨ ਤੋਂ ਸਮਾਨ ਲੈ ਕੇ ਜਾਂਦੇ ਹਾਂ।''

ਦੁਕਾਨਦਾਰ, ''ਰੱਬ ਤੋਂ ਡਰੋ ਭੈਣ ਜੀ, ਹਾਲੇ ਕੱਲ੍ਹ ਤਾਂ ਸਾਡੀ ਦੁਕਾਨ ਦੀ ਓਪਨਿੰਗ ਹੋਈ ਹੈ।''

********

ਇੱਕ ਆਦਮੀ ਨੇ ਪੱਪੂ ਨੂੰ ਪੁੱਛਿਆ, ''ਭਾਜੀ! ਇਹ ਰਸਤਾ ਕਿੱਧਰ ਨੂੰ ਜਾਂਦਾ ਹੈ?''

ਪੱਪੂ, ''ਭਰਾ ਜੀ, ਇਹ ਰਸਤਾ ਬਰਬਾਦੀ ਵੱਲ ਜਾਂਦਾ ਹੈ।''

ਆਦਮੀ, ''ਜੀ, ਉਹ ਕਿਵੇਂ?''

ਪੱਪੂ, ''ਕਿਉਂਕਿ ਇਸ ਰਸਤੇ ਤੋਂ ਮੇਰੀ ਬਰਾਤ ਲੰਘੀ ਸੀ।''

# ਅਗਨੀਪਥ ਯੋਜਨਾ ਦਾ ਫੌਜੀ ਢਾਂਚੇ ਉੱਤੇ ਅਸਰ

ਮੇਜਰ ਜਨਰਲ ਅਸ਼ੋਕ ਕੇ ਮਹਿਤਾ (ਰਿਟਾ.)

ਸਰਕਾਰ ਨੂੰ ਆਪਣੀ 'ਅਗਨੀਪਥ' ਯੋਜਨਾ ਦਾ ਬਚਾਅ ਕਰਨ ਲਈ ਜੂਝਣਾ ਪੈ ਰਿਹਾ ਹੈ। ਇਸ ਤੋਂ ਇਹ ਚਿੱਟੇ ਦਿਨ ਵਾਂਗ ਸਾਫ ਹੋ ਗਿਆ ਹੈ ਕਿ ਇਸ ਬਾਰੇ ਪਹਿਲਾਂ ਸਾਬਕਾ ਫੌਜੀ ਅਫਸਰਾਂ ਨਾਲ ਮਸ਼ਵਰਾ ਕਰਨ ਦੇ ਦਾਅਵੇ ਕੀਤੇ ਜਾ ਰਹੇ ਸਨ, ਪਰ ਸਰਕਾਰ ਨਾਲ ਸਹਿਮਤੀ ਰੱਖਣ ਵਾਲਿਆਂ ਦੀ ਸਲਾਹ ਹੀ ਲਈ ਹੋਵੇਗੀ। ਹਵਾਈ ਫੌਜ ਤੇ ਸਮੁੰਦਰੀ ਫੌਜ ਦੇ ਮੁਖੀ, ਜਿਨ੍ਹਾਂ ਉੱਤੇ ਥਲ ਸੈਨਾ ਦੇ ਮੁਕਾਬਲੇ ਬਹੁਤੀ ਸੂਝ ਸਿਆਣਪ ਤੋਂ ਬਿਨਾਂ ਬਣਾਈ ਇਸਯੋਜਨਾ ਦਾ ਘੱਟ ਅਸਰ ਪਵੇਗਾ, ਨੇ ਮੰਨਿਆ ਹੈ ਕਿ ਉਹ ਯੋਜਨਾ ਖਿਲਾਫ ਅਜਿਹੇ ਜ਼ੋਰਦਾਰ ਹਿੰਸਕ ਪ੍ਰਤੀਕਰਮ ਤੋਂ ਹੈਰਾਨ ਹਨ ਤੇ ਉਨ੍ਹਾਂ ਨੇ ਇਸ ਲਈ 'ਗਲਤ ਜਾਣਕਾਰੀ' ਅਤੇ 'ਗਲਫਹਿਮੀ' ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਅਗਨੀਵੀਰਾਂ ਦੀ ਪੈਨਸ਼ਨ ਤੇ ਹੋਰ ਕਿਸੇ ਤਰ੍ਹਾਂ ਦੇ ਭੱਤਿਆਂ ਆਦਿ ਤੋਂ ਬਿਨਾਂ ਮਸਾਂ ਚਾਰ ਸਾਲਾ ਮਿਆਦ ਅਤੇ ਉਸ ਤੋਂ ਵੀ ਵੱਧ ਇੱਜ਼ਤ ਦੀ ਅਣਹੋਂਦ ਇਸ ਸਾਰੇ ਘਟਨਾਕ੍ਰਮ ਦਾ ਕਾਰਨ ਹੈ ਜਿਸ ਦੀ ਸਰਕਾਰ ਅਗਾਊਂ ਥਾਹ ਪਾਉਣ ਵਿਚ ਨਾਕਾਮ ਰਹੀ। ਨਾਲ ਹੀ ਇਹ ਅਤਿਕਥਨੀ ਨਹੀਂ ਹੋਵੇਗੀ ਕਿ ਇਸ ਯੋਜਨਾ ਕਾਰਨ ਸਿਸਟਮ ਵਿੱਚ ਪੈਦਾ ਹੋਏ ਵਿਗਾੜਾਂ ਦੇ ਸਿੱਟੇ ਵਜੋਂ 2032 ਤੱਕ ਫੌਜ ਵਿੱਚ ਪੱਕੇ ਫੌਜੀਆਂ ਤੇ ਅਗਨੀਵੀਰਾਂ ਦੀ ਗਿਣਤੀ ਅੱਧੋ-ਅੱਧ ਹੋ ਜਾਵੇਗੀ। ਅੱਜ ਨਿਮਰਤਾ ਨਾਲ ਸੇਵਾ ਕਰਨ ਵਾਲੇ ਫੌਜੀ ਜਨਰਲ ਅਤੇ ਉਨ੍ਹਾਂ ਦੇ ਹਮ-ਰੁਤਬਾ ਪੂਰੀ ਤਰ੍ਹਾਂ 'ਜੀ ਹਜ਼ੂਰੀਏ' ਬਣ ਚੁੱਕੇ ਹਨ, ਜਦੋਂ ਕਿ ਅਗਨੀਪਥ ਯੋਜਨਾ ਸਿਆਸੀ ਫੁਟਬਾਲ ਬਣ ਗਈ ਹੈ। ਹਾਲਤ ਇਹ ਹੈ ਕਿ ਕੁਝ ਕੇਂਦਰੀ ਮੰਤਰੀ ਤਾਂ ਉਮਰ ਦੀ ਹੱਦ ਵਿੱਚ ਇੱਕ ਵਾਰ ਲਈ 21 ਤੋਂ 23 ਸਾਲ ਤੱਕ ਦੀ ਦਿੱਤੀ ਛੋਟ ਲਈ ਪ੍ਰਧਾਨ ਮੰਤਰੀ ਦਾ ਸ਼ੁਕਰੀਆ ਅਦਾ ਕਰ ਰਹੇ ਹਨ।

ਪਿਛਲੇ ਐਤਵਾਰ (19 ਜੂਨ) ਇਸ ਇਨਕਲਾਬੀ ਪ੍ਰੋਜੈਕਟ ਦੇ ਐਲਾਨ ਦੇ ਪੰਜ ਤੋਂ ਵੀ ਘੱਟ ਦਿਨਾਂ ਦੌਰਾਨ ਇੱਕ ਅਲੋਕਾਰ ਪ੍ਰੈੱਸ ਕਾਨਫਰੰਸ ਵਿੱਚ ਦੇਸ਼ ਦੀਆਂ ਤਿੰਨੇ ਫੌਜਾਂ ਦੇ ਮੁਖੀਆਂ ਨੇ ਇੱਕ ਵਾਰਵਿਕ ਮੀਡੀਆ ਨੂੰ ਸੰਬੋਧਨ ਕਰ ਕੇ ਇਸ ਗੱਲ ਉੱਤੇ ਜ਼ੋਰ ਦਿੱਤਾ ਸੀ ਕਿ ਪ੍ਰਣਾਲੀ ਵਿੱਚ ਇਸ ਤਬਦੀਲੀ ਲਈ 'ਜਵਾਨ ਪ੍ਰੋਫਾਈਲ' ਮੁੱਖ ਸੇਧ ਦਾ ਕਾਰਕ ਸੀ। ਇਸ ਦੌਰਾਨ ਅਗਨੀਪਥ ਦੇ ਸਭ ਤੋਂ ਵੱਡੇ ਆਧਾਰ ਭਾਵ ਪੈਨਸ਼ਨ ਤੇ ਤਨਖਾਹਾਂ ਦੇ ਖਰਚਿਆਂ ਵਿੱਚ ਹੋਣ ਵਾਲੀ ਕਟੌਤੀ ਦਾ ਇੱਕ ਵਾਰ ਵੀ ਜ਼ਿਕਰ ਨਹੀਂ ਕੀਤਾ ਗਿਆ। ਦੋ ਸਾਲ ਫੌਜੀ ਭਰਤੀ ਨੂੰ ਟਾਲੀ ਰੱਖਣ ਪਿੱਛੇ ਕੋਵਿਡ ਦਾ ਦਿੱਤਾ ਹਵਾਲਾ ਸਭ ਤੋਂ ਵੱਡਾ ਝੂਠ ਹੈ, ਜਦੋਂ ਕਿ ਇਸ ਕਾਰਨ ਇਕੱਲੀ ਥਲ ਸੈਨਾ ਵਿੱਚ 1.25 ਲੱਖ ਨਫ਼ਰੀ ਦੀ ਘਟ ਗਈ, ਕਿਉਂਕਿ ਅਸਲ ਵਿੱਚ ਫੌਜੀ ਭਰਤੀ ਨਾ ਕਰਨ ਦਾ ਕੰਮ ਅਗਨੀਪਥ ਸਕੀਮ ਬਣਾਉਣ ਲਈ ਕੀਤਾ ਗਿਆ ਸੀ। ਇੰਝ ਕਰ ਕੇ ਸਰਕਾਰ ਨੇ ਦੋ ਸਾਲਾਂ ਲਈ ਖਜ਼ਾਨੇ ਵਿੱਚ ਤਨਖਾਹਾਂ ਦੇ ਪੈਸੇ ਬਚਾਏ। ਸੜਕਾਂ ਉੱਤੇ ਉਤਰੇ ਨੌਜਵਾਨ ਸਵਾਲ ਪੁੱਛ ਰਹੇ ਹਨ: ਜਦੋਂ ਲਗਾਤਾਰ ਚੋਣਾਂ ਹੋ ਰਹੀਆਂ ਹਨ, ਕੁੰਭ ਮੇਲੇ ਲੱਗ ਸਕਦੇ ਹਨ, ਤਾਂ ਭਰਤੀ ਰੈਲੀਆਂ ਕਿਉਂ ਨਹੀਂ? ਕਿਉਂ ਨਾ ਹੋ ਸਕੀਆਂ? ਅਤੇ ਸਵਾਲ ਜਵਾਬ ਤੋਂ ਜ਼ਾਹਰ ਹੈ, ਫੌਜੀ ਭਰਤੀ ਦੇ ਚਾਹਵਾਨ ਬਹੁਤ ਸਾਰੇ ਨੌਜਵਾਨ ਸਰੀਰਕ ਟੈਸਟ ਤੇ ਮੈਡੀਕਲ ਤੱਕ ਵਿੱਚੋਂ ਸਫਲ ਹੋ ਚੁੱਕੇ ਸਨ, ਉਨ੍ਹਾਂ ਨੂੰ ਲਿਖਤੀ ਇਮਤਿਹਾਨ ਲਈ ਨਹੀਂ ਸੱਦਿਆ। ਹਵਾਈ ਫੌਜ ਵਿੱਚ ਤਾਂ ਸਾਰੀਆਂ ਪ੍ਰਕਿਰਿਆਵਾਂ ਮੁਕੰਮਲ ਕਰ ਲਈਆਂ ਸਨ, ਫਿਰ ਵੀ ਕਿਸੇ ਨੂੰ ਨਹੀਂ ਸੱਦਿਆ। ਇਹ ਗੱਲ ਵੀ ਸਾਫ ਹੋਣੀ ਚਾਹੀਦੀ ਹੈ ਕਿ ਨੌਜਵਾਨਾਂ ਦਾ ਜ਼ਾਹਰਾ ਤੌਰ ਉੱਤੇ ਭਾਰੀ ਗੁੱਸੇ ਦਾ ਕਾਰਨ ਫੌਜ ਵਿੱਚ ਲੰਬਾ ਚੱਲਣ ਵਾਲੇ ਕਰੀਅਰ ਦੇ ਉਲਟ ਇਹ ਮਸਾਂ ਚਾਰ ਸਾਲਾਂ ਵਾਲੀ ਭਰਤੀ ਨੀਤੀ ਹੈ। ਪ੍ਰੈਸ ਕਾਨਫਰੰਸ ਦੌਰਾਨ ਜਨਰਲਾਂ ਨੇ ਕਿਹਾ, ''ਸਕੀਮ ਹਰਗਿਜ਼ ਵਾਪਸ ਨਹੀਂ ਲਈ ਜਾਵੇਗੀ। ਅਗਸਤ ਦੇ ਮੱਧ ਵਿੱਚ 25000 ਅਗਨੀਵੀਰਾਂ ਦੇ ਪਹਿਲੇ ਬੈਚ ਦੀ ਭਰਤੀ ਲਈ ਰੈਲੀਆਂ ਵਿੱਚ ਆਉਣ ਵਾਲੇ ਨੌਜਵਾਨਾਂ ਨੂੰ ਪ੍ਰਣ ਕਰਨਾ ਹੋਵੇਗਾ ਕਿਉਹ ਅਨੁਸ਼ਾਸਨਹੀਣਤਾ ਵਿੱਚ ਸ਼ਾਮਲ ਨਹੀਂ ਸਨ ਤੇ ਦਸੰਬਰ ਦੇ ਅਖੀਰ ਵਿੱਚ ਅਗਨੀਵੀਰ ਵਜੋਂ ਸਿਖਲਾਈ ਸ਼ੁਰੂ ਹੋਣ ਸਮੇਂ ਉਨ੍ਹਾਂ ਨੂੰ ਪੁਲਸ ਤੋਂ ਤਸਦੀਕ ਕਰਾ ਕੇ ਇਸ ਦੇ ਦਸਤਾਵੇਜ਼ ਲਿਆਉਣੇ ਪੈਣਗੇ।''

ਇਸ ਨਾਲ ਸਿਰਫ ਫੌਜੀ ਭਰਤੀ ਪ੍ਰਣਾਲੀ ਨੂੰ ਹੀ ਨਵਿਆਇਆ ਨਹੀਂ ਜਾ ਰਿਹਾ,' ਭਰਪੂਰ ਮਨੁੱਖੀ ਸਰੋਤਾਂ ਉੱਤੇ ਆਧਾਰਤ




ਫੌਜ ਦੀ ਵਰਗ ਬਣਤਰ ਵਿੱਚ ਵੀ ਬੁਨਿਆਦੀ ਤਬਦੀਲੀ ਕੀਤੀ ਜਾ ਰਹੀ ਹੈ ਤੇ ਇਸ ਦਾ ਫੌਜ ਦੀ ਕੰਮ-ਕਾਜੀ ਸਮਰੱਥਾ ਉੱਤੇ ਉਲਟ ਅਸਰ ਪਵੇਗਾ। ਫੌਜ ਦੇ ਇੱਕ ਸੇਵਾਮੁਕਤ ਮੁਖੀ ਨੇ ਗੁਸਤਾਖ ਢੰਗ ਨਾਲ ਕਿਹਾ ਕਿ ਜੇ ਕਮਾਂਡਿੰਗ ਅਫਸਰ ਇੱਕ ਸਾਲ ਵਿੱਚ ਕਿਸੇ ਅਗਨੀਵੀਰ ਦਾ ਯੂਨਿਟ ਨਾਲ ਤਾਲਮੇਲ ਨਹੀਂ ਬਣਾ ਸਕਦਾ ਅਤੇ ਉਸ ਨੂੰ ਪ੍ਰੇਰਿਤ ਨਹੀਂ ਕਰ ਸਕਦਾ ਤਾਂ ਉਹ ਕਮਾਂਡਿੰਗ ਅਫਸਰ ਬਣਨ ਦੇ ਯੋਗ ਨਹੀਂ, ਅਸੀਂ ਕਿਸੇ ਗਲਤੀ ਦਾ ਖਤਰਾ ਮੁੱਲ ਨਹੀਂ ਲੈ ਸਕਦੇ, ਕਿਉਂਕਿ ਭਾਰਤ ਨੂੰ ਦਰਪੇਸ਼ ਫੌਜੀ ਕਾਰਵਾਈ ਸੰਬੰਧੀ ਚੁਣੌਤੀਆਂ ਅਨੂਠੀਆਂ ਹਨ, ਦਾਈ ਲਗਾਤਾਰ ਜਾਰੀ ਜੰਗੀ ਮੁਹਾਜ਼ ਦੇ ਨਾਲ-ਨਾਲ ਅਣਗਿਣਤ ਅੰਦਰੂਨੀ ਗੜਬੜਾਂ ਹੋਰ ਹਨ।

ਇਸਰਾਈਲ ਦੱਖਣੀ ਕੋਰੀਆ ਅਤੇ ਬਰਾਜ਼ੀਲ ਨੂੰ ਭਾਰਤ ਵਾਂਗ ਖਤਰਿਆਂ ਤੇ ਵੰਗਾਰਾਂ ਦਾ ਸਾਹਮਣਾ ਨਹੀਂ।ਸਾਡੀ ਮੌਜੂਦਾ ਸਿਆਸੀ ਤੇ ਫੌਜੀ ਲੀਡਰਸ਼ਿਪ ਨੇ ਕੋਈ ਜੰਗ ਨਹੀਂ ਦੇਖੀ, ਉਨ੍ਹਾਂ ਨੂੰ ਸਿਰਫ ਬਗਾਵਤ ਰੋਕੂ ਅਤੇ ਦਹਿਸ਼ਤਗਰਦੀ ਰੋਕੂ ਕਾਰਵਾਈਆਂ ਦਾ ਤਜਰਬਾ ਹੈ। ਜਿਨ੍ਹਾਂ ਨੌਜਵਾਨ ਫੌਜੀਆਂ ਨੇ ਟਾਈਗਰ ਹਿੱਲ ਫਤਹਿ ਕੀਤੀ, ਉਹ ਸਾਰੇ ਪੱਕੀ ਸੇਵਾ ਵਾਲੇ ਫੌਜੀ ਸਨ, ਜਿਨ੍ਹਾਂ ਪਿੱਛੇ ਮਜ਼ਬੂਤ ਪੈਨਸ਼ਨ ਤੇ ਰੈਜੀਮੈਂਟਲ ਪ੍ਰਣਾਲੀ ਖੜ੍ਹੀ ਸੀ, ਜੋ ਜਨਮ ਤੋਂ ਮੌਤ ਤੱਕ ਜਵਾਨਾਂ ਦਾ ਖਿਆਲ ਰੱਖਦੀ ਹੈ। ਕੁਝ ਸਾਬਕਾ ਫੌਜੀ ਅਫਸਰ ਗਲਤ ਢੰਗ ਨਾਲ ਚਾਰ ਸਾਲ ਸੇਵਾ ਨਿਭਾਉਣ ਵਾਲੇ ਫੌਜੀ ਜਵਾਨਾਂ ਵੱਲੋਂ ਵਿਕਟੋਰੀਆ ਕਰਾਸ ਜਿੱਤਣ ਦੇ ਹਵਾਲੇ ਦੇ ਰਹੇ ਹਨ। ਅਜਿਹੇ 96 ਫੀਸਦੀ ਐਵਾਰਡ ਸੱਤ ਸਾਲ ਜਾਂ ਵੱਧ ਦੀ ਸੇਵਾ ਵਾਲੇ ਜਵਾਨਾਂ ਨੇ ਜਿੱਤੇ ਸਨ। ਸਿਰਫ ਇੱਕ ਰਾਈਫਲਮੈਨ ਨੇ ਵਿਕਟੋਰੀਆ ਕਰਾਸ ਜਿੱਤਿਆ ਹੈ। ਵਧੇਰੇ ਜਵਾਨ ਪ੍ਰੋਫਾਈਲ-26 ਅਤੇ 32 ਸਾਲ ਵਿਚਲੇ ਫਰਕ-ਨੂੰ ਦੋਵੇਂ ਤਰੀਕੇ ਸਮਝਿਆ ਜਾ ਸਕਦਾ ਹੈ ਅਤੇ ਇਨ੍ਹਾਂ ਵਿੱਚੋਂ ਤਜਰਬੇ ਦਾ ਪਲੜਾ ਭਾਰੀ ਹੁੰਦਾ ਹੈ। ਜਿਨ੍ਹਾਂ 75 ਫੀਸਦੀ ਅਗਨੀਵੀਰਾਂ ਨੂੰ ਹਟਾ ਦਿੱਤਾ ਜਾਵੇਗਾ, ਉਨ੍ਹਾਂ ਨੂੰ ਬਦਲਵਾਂ ਪੇਸ਼ਾ ਅਪਨਾਉਣ ਲਈ ਨੌਕਰੀਆਂ, ਸਿੱਖਿਆ ਅਤੇ ਮਾਲੀ ਇਮਦਾਦ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ, ਜਦੋਂ ਕਿ ਉਹ ਫੌਜੀ ਹੀ ਬਣੇ ਰਹਿਣਾ ਚਾਹੁਣਗੇ। ਜ਼ੁਬਾਨੀ ਭਰੋਸੇ ਕਦੇ ਵੀ ਵਫ਼ਾ ਨਹੀਂ ਹੋਏ।

ਮੇਰੇ ਵਰਗੇ ਸਾਬਕਾ ਫੌਜੀਆਂ, ਜਿਨ੍ਹਾਂ ਨੂੰ ਸਾਰੀਆਂ ਜੰਗਾਂ ਲੜਨ ਦੇ ਨਾਲ ਬਗਾਵਤ ਰੋਕੂ ਅਪਰੇਸ਼ਨਾਂ ਵਿੱਚ ਸ਼ਾਮਲ ਹੋਣ ਦਾ ਸੁਭਾਗ ਹਾਸਲ ਹੈ, ਮੁਤਾਬਕ ਇਸ ਸਕੀਮ ਰਾਹੀਂ ਜਿਹੜੀ ਸਭ ਤੋਂ ਵੱਡੀ ਬੱਜਰ ਗਲਤੀ ਕੀਤੀ ਜਾ ਰਹੀ ਹੈ, ਉਹ ਹੈ ਸਮੇਂ ਦੀ ਕਸੌਟੀ ਉੱਤੇ ਖਰੀ ਉਤਰੀ ਅਤੇ ਬਹੁਤ ਧਿਆਨ ਨਾਲ ਕਾਇਮ ਕੀਤੀ ਰੈਜੀਮੈਂਟਲ ਪ੍ਰਣਾਲੀ ਦੀ ਤਬਾਹੀ। ਸਿਆਸੀ ਲੀਡਰਸ਼ਿਪ ਨੇ ਰਣਨੀਤਕ ਅਸਾਸੇ ਦਾ ਮਹੱਤਵ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਇਸ ਵੱਲੋਂ ਇਕਹਿਰਾ-ਵਰਗ ਅਤੇ ਹੋਰ ਖਾਸ ਤੌਰ ਉੱਤੇ ਖੜ੍ਹੀਆਂ ਕੀਤੀਆਂ ਯੂਨਿਟਾਂ ਤੇ ਸਭ ਯੂਨਿਟਾਂ ਉੱਤੇ ਆਲ ਇੰਡੀਆ ਆਲ ਕਲਾਸ (ਏ ਆਈ ਏ ਸੀ) (ਭਾਵ ਸਾਰੇ ਭਾਰਤ ਦੇ ਸਾਰੇ ਵਰਗ ਇਕੱਠੇ) ਦੀ ਯੋਜਨਾ ਥੋਪੀ ਜਾ ਰਹੀ ਹੈ। ਇਸ ਨਾਲ ਸਿੱਖ ਰੈਜੀਮੈਂਟ, ਗੜ੍ਹਵਾਲ, ਕੁਮਾਊਂ ਤੇ ਆਸਾਮ ਰੈਜੀਮੈਂਟਾਂ ਅਤੇ ਅਜਿਹੀਆਂ ਹੋਰ ਰੈਜੀਮੈਂਟਾਂ ਦਾ ਆਪਣਾ ਖਾਸਾ ਤੇ ਆਤਮਾ ਮਰ ਜਾਵੇਗੀ ਅਤੇ ਇਹ ਕਹਿਣ ਦੀ ਲੋੜ ਨਹੀਂ ਕਿ ਇਸ ਨਾਲ ਵੱਖੋ-ਵੱਖ ਰੈਜੀਮੈਂਟਾਂ ਵਿੱਚ ਪਿਤਾ ਤੋਂ ਲੈ ਕੇ ਪੁੱਤਰਾਂ ਤੱਕ ਪੀੜ੍ਹੀ-ਦਰ-ਪੀੜ੍ਹੀ ਦੇਸ਼ ਸੇਵਾ ਦੀਆਂ ਪਾਈਆਂ ਸ਼ਾਨਦਾਰ ਰੈਜੀਮੈਂਟਲ ਪਿਰਤਾਂ ਅਤੇ ਉਨ੍ਹਾਂ ਦਾ ਆਪਸੀ ਭਾਈਚਾਰਾ ਵੀ ਖਤਮ ਹੋ ਜਾਵੇਗਾ। ਆਪਣੇ ਵਰਗ ਦੀ ਪਛਾਣ ਅਤੇ ਜੰਗੀ ਨਾਅਰੇ ਬਹੁਤ ਵੱਡੇ ਪ੍ਰੇਰਨਾ ਸਰੋਤ ਹੁੰਦੇ ਹਨ। ਤਤਕਾਲੀ ਰੱਖਿਆ ਮੰਤਰੀ ਜਸਵੰਤ ਸਿੰਘ ਨੇ ਇੱਕ ਵਾਰ ਕਿਹਾ ਸੀ ਕਿ ਫੌਜ ਮਨ ਦੀ ਆਵਾਜ਼ ਤੇ ਇਕਰਾਰਨਾਮੇ ਦਾ ਨਾਂਅ ਹੈ।

ਸਰਕਾਰਾਂ ਨੇ ਪਹਿਲਾਂ ਵੀ ਇਨ੍ਹਾਂ ਨੁਕਸ ਰਹਿਤ ਸੰਗਠਨਾਂ ਵਿੱਚ ਏ ਆਈ ਏ ਸੀ ਵਰਗੀਆਂ ਯੋਜਨਾਵਾਂ ਨਾਲ ਦਖਲ ਅਤੇ ਛੇੜਖਾਨੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਜਿਹੇ ਤਜਰਬੇ ਨਾਕਾਮ ਸਾਬਤ ਹੋਏ। ਧੱਕੇ ਨਾਲ ਏ ਆਈ ਏ ਸੀ ਲਾਗੂ ਕਰਨਾ ਰੈਜੀਮੈਂਟਲ ਢਾਂਚੇ ਦੀ ਆਤਮਾ ਉੱਤੇ ਹਮਲਾ ਹੈ।ਇੱਕ ਵਾਰ ਨਿਮਰਤਾ ਵਾਲੇ ਗੋਰਖਿਆਂ ਬਾਰੇ ਸੋਚੋ। ਗੋਰਖਾ ਬ੍ਰਿਗੇਡ, ਜੋ 43ਵੀਂ ਇਨਫੈਂਟਰੀ ਬਟਾਲੀਅਨ ਦਾ ਹਿੱਸਾ ਹੈ, ਵਿੱਚ ਮੁੱਖ ਤੌਰ ਉੱਤੇ ਨੇਪਾਲ ਤੋਂ ਭਰਤੀ ਕੀਤੀ ਜਾਂਦੀ ਹੈ। ਜਦੋਂ ਅਗਨੀਪੱਥ ਯੋਜਨਾ ਦੇ ਮੁੱਖ ਘਾੜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2014 ਵਿੱਚ ਨੇਪਾਲ ਗਏ ਤਾਂ ਉਨ੍ਹਾਂ ਨੇ ਭਾਰਤ ਦੀ ਪ੍ਰਭੂਤਾ ਅਤੇ ਇਲਾਕਾਈ ਅਖੰਡਤਾ ਦੀ ਹਿਫਾਜ਼ਤ ਵਿੱਚ ਨੇਪਾਲੀ ਗੋਰਖਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੀ ਸ਼ਲਾਘਾ ਕੀਤੀ ਸੀ। ਗੋਰਖਾ ਭਾਈਚਾਰੇ ਦੇ ਲੱਖਾਂ ਮੌਜੂਦਾ ਅਤੇ ਸਾਬਕਾ ਫੌਜੀ ਉੱਥੇ ਭਾਰਤੀ ਪੱਖੀ ਮਾਹੌਲ ਸਿਰਜਦੇ ਹਨ, ਜਦ ਕਿ ਭਾਰਤ ਦੇ ਨੇਪਾਲ ਵਿੱਚ ਤੇਜ਼ੀ ਨਾਲ ਵਧਦੇ ਪ੍ਰਭਾਵ ਤੇ ਵਿਸ਼ੇਸ਼ ਰਿਸ਼ਤਿਆਂ ਦੀ ਕਾਇਮੀ ਵਿੱਚ ਵਿਘਨ ਪਾਉਣ ਲਈ ਚੀਨ ਪੂਰਾ ਤਾਣ ਲਾ ਰਿਹਾ ਹੈ। ਏ ਆਈ ਏ ਸੀ ਭਰਤੀ ਲਾਗੂ ਕਰਦਿਆਂ ਗੋਰਖਿਆਂ ਨੂੰ ਅਗਨੀਵੀਰ ਬਣਾਉਣ ਨਾਲ ਯਕੀਨਨ ਇਨ੍ਹਾਂ ਦੁਵੱਲੇ ਰਿਸ਼ਤਿਆਂ ਉੱਤੇ ਮਾੜਾ ਅਸਰ ਪਵੇਗਾ।


ਪਿਛਲੇ ਹਫਤੇ ਮੈਂ ਇੱਕ ਮਿਲਟਰੀ ਹਸਪਤਾਲ ਗਿਆ, ਜਿੱਥੇ ਮੈਨੂੰ ਆਰਮੀ ਮੈਡੀਕਲ ਕੋਰ ਦੇ ਪੰਜ ਮੌਜੂਦਾ ਮੈਂਬਰ ਮਿਲੇ (ਇੱਕ ਜੇ ਸੀ ਓ ਅਤੇ ਇੱਕ ਨਾਇਕ ਹਰਿਆਣਾ, ਇੱਕ-ਇੱਕ ਹੌਲਦਾਰ ਰਾਜਸਥਾਨ, ਇੱਕ-ਇੱਕ ਨਾਇਕ ਕੇਰਲ ਅਤੇ ਤ੍ਰਿਪੁਰਾ) ਦੇ ਸਨ। ਵਰਨਣ ਯੋਗ ਹੈ ਕਿ ਆਰਮੀ ਮੈਡੀਕਲ ਕੋਰ ਇੱਕੋ ਅਜਿਹੀ ਫੌਜੀ ਸੰਸਥਾ ਹੈ ਜਿਹੜੀ ਅਗਨੀਵੀਰ ਯੋਜਨਾ ਤੋਂ ਬਚੀ ਹੈ। ਉਨ੍ਹਾਂ ਦਾ ਸਵਾਲ ਸੀ ਕਿ ਅਗਨੀਪਥ ਦੀ ਕੀ ਲੋੜ ਹੈ? ਮੈਂ ਇਹੋ ਮੋੜਵਾਂ ਸਵਾਲ ਉਨ੍ਹਾਂ ਨੂੰ ਕੀਤਾ ਤੇ ਉਹ ਲਗਾਤਾਰ ਇਹ ਯੋਜਨਾ ਲਿਆਉਣ ਲਈ ਦੁਰਘਟਨਾਵਾਂ ਦੀ ਘਾਟ ਦੀ ਨਿੰਦਾ ਕਰਦੇ ਰਹੇ। ਮੇਰੀ ਫੌਜੀ ਹੈਡਕੁਆਰਟਰ ਵਿੱਚ ਸੇਵਾ ਨਿਭਾਅ ਰਹੇ ਇੱਕ ਲੈਫਟੀਨੈਂਟ ਜਨਰਲ ਨਾਲ ਵੀ ਗੱਲ ਹੋਈ ਤੇ ਮੈਂ ਪੁੱਛਿਆ ਕਿ ਲਾਗਤ ਕਟੌਤੀ ਵਾਲੀ ਇਹ ਇੰਨੀ ਮਹਿੰਗੀ ਯੋਜਨਾ ਫੌਜ ਦੇ ਮੌਜੂਦਾ ਕਮਾਂਡਰਾਂ ਅਤੇ ਹੋਰਨਾਂ ਸੋਚਵਾਨ ਜਨਰਲਾਂ ਨੇ ਪਾਸ ਕਿਵੇਂ ਕਰ ਦਿੱਤੀ। ਉਸ ਦਾ ਜਵਾਬ ਸੀ, ''ਜੋ ਹੋਣਾ ਸੀ, ਹੋ ਗਿਆ।''

ਅੰਤ ਵਿੱਚ ਜਨਰਲ ਇਆਨ ਹੈਮਿਲਟਨ ਵੱਲੋਂ ਲਿਖੀ ਪੁਸਤਕ 'ਮੇਰੇ ਰੈਜੀਮੈਂਟਲ ਇਤਿਹਾਸ' ਦੇ ਮੁੱਖਬੰਦ ਦਾ ਅੰਤਿਮ ਹਵਾਲਾ ਦੇ ਰਿਹਾ ਹਾਂ-''ਪੰਜਵੀਂ ਗੋਰਖਾ ਰਾਈਫਲਜ਼ ਦੀ ਪ੍ਰਸਿੱਧੀ ਕਦੇ ਖਤਮ ਨਹੀਂ ਹੋਵੇਗੀ, ਜੇ ਕੋਈ ਸਿਆਸੀ ਆਗੂ ਅੱਜ ਤੋਂ ਬਾਅਦ ਉਸ ਦੇ ਕੇਡਰ ਨੂੰ ਖਤਮ ਕਰਨ ਜਾਂ ਇਸ ਦੀ ਨਫਰੀ ਵਿੱਚ ਤਬਦੀਲੀ ਜਾਂ ਇਸੇ ਹੋਰ ਤਰ੍ਹਾਂ ਦਾ ਜ਼ੁਲਮ ਕਰਨ ਵਰਗਾ ਕੋਈ ਸੁਫਨਾ ਦੇਖਦਾ ਹੈ ਤਾਂ ਇਸ ਜਿਲਦ ਦਾ ਅਧਿਐਨ ਉਸ ਦੇ ਹੱਥ ਨੂੰ ਸੁੰਨ ਕਰ ਸਕਦਾ ਹੈ।''

# ਢਾਈ ਦਹਾਕੇ ਪਿੱਛੋਂ ਵੀ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਨਹੀਂ ਲੱਗਾ

## * ਸਮੇਂ ਦੀਆਂ ਸਰਕਾਰਾਂ ਨੇ ਮਹਾਰਾਜਾ ਦੇ ਜਨਮ ਸਥਾਨ ਨੂੰ ਵਿਸਾਰਿਆ

ਸੰਗਰੂਰ, 29 ਜੂਨ (ਪੋਸਟ ਬਿਊਰੋ)- ਪਿਛਲੇ ਢਾਈ ਦਹਾਕਿਆਂ ਤੋਂ ਸਮੇਂ ਦੀਆਂ ਸਰਕਾਰਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਦੇਣ ਦੇ ਵਾਅਦੇ ਕਰਦੀਆਂ ਰਹੀਆਂ, ਪਰ ਕਿਸੇ ਵੀ ਸਰਕਾਰ ਨੇ ਸ਼ੇਰ-ਏ-ਪੰਜਾਬ ਦੇ ਜਨਮ ਸਥਾਨ ਤੇ ਨਾਨਕੇ ਪਿੰਡ ਬਡਰੁੱਖਾਂ ਵਿੱਚ ਉਨ੍ਹਾਂ ਦਾ ਬੁੱਤ ਲਾਉਣ ਨੂੰ ਗੰਭੀਰਤਾ ਨਾਲ ਨਹੀਂ ਲਿਆ।



ਪਤਾ ਲੱਗਾ ਹੈ ਕਿ ਕਰੀਬ ਢਾਈ ਦਹਾਕੇ ਪਹਿਲਾਂ ਮਹਰਾਜਾ ਰਣਜੀਤ ਸਿੰਘ ਦੇ ਜਨਮ ਦਿਨ ਦੇ ਸੂਬਾਈ ਸਮਾਗਮ ਦੌਰਾਨ ਪਿੰਡ ਬਡਰੁੱਖਾਂ ਵਿੱਚ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਪਿੰਡ ਵਿੱਚ ਸ਼ੇਰ-ਏ-ਪੰਜਾਬ ਯਾਦਗਾਰੀ ਪਾਰਕ ਬਣਾ ਕੇ ਘੋੜੇ ਉੱਤੇ ਸਵਾਰ ਮਹਾਰਾਜਾ ਰਣਜੀਤ ਸਿੰਘ ਦਾ ਕਾਂਸੀ ਦਾ ਬੁੱਤ ਲਾਇਆ ਜਾਵੇਗਾ। ਇਹ ਵਾਅਦਾ ਕਰੀਬ 19 ਸਾਲਾਂਪਿੱਛੋਂ 2016 ਵਿੱਚ ਪੂਰਾ ਹੁੰਦਾ ਜਾਪਿਆ, ਜਦੋਂ ਸਰਕਾਰ ਨੇ ਪਾਰਕ ਵਿੱਚ ਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਭੇਜ ਦਿੱਤਾ, ਪਰ ਵਾਅਦੇ ਅਨੁਸ-ਾਰ ਇਹ ਬੁੱਤ ਨਾ ਘੋੜੇ ਦੀ ਸਵਾਰੀ ਵਾਲਾ ਸੀ ਤੇ ਨਾ ਕਾਂਸੀ ਦਾ ਬਣਿਆ ਸੀ। ਖਾਸ ਗੱਲ ਕਿ ਇਸ ਬੁੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੀਆਂ ਦੋਵੇਂ ਅੱਖਾਂ ਸਹੀ ਸਲਾਮਤ ਸਨ, ਜਿਸ ਕਾਰਨ ਪਿੰਡ ਦੀ ਪੰਚਾਇਤ ਨੇ ਇਹ ਬੁੱਤ ਨਾ ਲਾਉਣ ਦਾ ਫੈਸਲਾ ਲਿਆ। ਸਰਕਾਰੀ ਲਾਪਰਵਾਹੀ ਦਾ ਸ਼ਿਕਾਰ ਹੋ ਕੇ ਇਹ ਬੁੱਤ ਕਰੀਬ ਛੇ ਸਾਲ ਤੋਂ ਸਾਬਕਾ ਸਰਪੰਚ ਦੇ ਘਰ ਪਿਆ ਹੈ।ਪਿੰਡ ਬਡਰੁੱਖਾਂ ਦੇ ਵਸਨੀਕ ਗੀਤਕਾਰ ਬਚਨ ਬੇਦਿਲ ਨੇ ਕਿਹਾ ਕਿ ਇਹ ਹਲਕਾ ਵਿਧਾਇਕ ਅਮਨ ਅਰੋੜਾ ਦਾ ਜੱਦੀ ਪਿੰਡ ਹੈ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ ਦਾ ਇਤਿਹਾਸਕ ਪਿੰਡ ਹੈ, ਇਸ ਲਈ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਜਲਦੀ ਹੀ ਆਪ ਸਰਕਾਰ ਜਿੱਥੇ ਪਿੰਡ ਵਿੱਚ ਸ਼ੇਰ-ਏ-ਪੰਜਾਬ ਦਾ ਬੁੱਤ ਸਥਾਪਤ ਕਰੇਗੀ।

# ਕਾਰ ਸੜਕ ਕਿਨਾਰੇ ਖੜੇ ਟਰਾਲੇ ਵਿੱਚ ਵੱਜਣ ਨਾਲ ਦੁਬਈ ਤੋਂ ਮੁੜੇ ਵਿਅਕਤੀ ਦੀ ਮੌਤ

ਨਵਾਂ ਸ਼ਹਿਰ, 29 ਜੂਨ (ਪੋਸਟ ਬਿਊਰੋ)- ਏਥੋਂ ਦੇ ਬੰਗਾ ਰੋਡ ਉੱਤੇ ਲਾਲ ਕੋਲ ਕੱਲ੍ਹ ਰਾਤ ਕਰੀਬ ਸਾਢੇ 9 ਵਜੇ ਸੜਕ ਕਿਨਾਰੇ ਖੜੇ ਇੱਕ ਟਰਾਲੇ ਦੇ ਥੱਲੇ ਕਾਰ ਧਸ ਜਾਣ ਨਾਲ ਕਾਰ ਚਾਲਕ ਦੀ ਮੌਕੇ ਉੱਤੇ ਹੀ ਮੌਤ ਹੋ ਗਈ।



ਜਾਂਚ ਅਧਿਕਾਰੀ ਏ ਐਸ ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਗੁਰਕਿਰਪਾਲ ਸਿੰਘ (39) ਪੁੱਤਰ ਮਦਨ ਸਿੰਘ ਵਾਸੀ ਜਲੰਧਰ ਵਜੋਂ ਹੋਈ ਹੈ ਅਤੇ ਅਣਪਛਾਤੇ ਟਰਾਲਾ ਚਾਲਕ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।ਸਿਵਲ ਹਸਪਤਾਲ ਵਿੱਚ ਮ੍ਰਿਤਕ ਗੁਰਕਿਰਪਾਲ ਸਿੰਘ ਦੇ ਪਰਵਾਰ ਨੇ ਦੱਸਿਆ ਕਿ ਉਹ ਦੁਬਈ ਤੋਂ ਆਇਆ ਸੀ ਤੇ ਚੰਡੀਗੜ੍ਹ ਰਹਿੰਦੇ ਆਪਣੇ ਭਰਾ ਦੇ ਘਰ ਗਿਆ ਸੀ ਜਿੱਥੇ ਉਸਦਾ ਕਰੀਬ 10 ਸਾਲਾ ਲੜਕਾ ਰਹਿੰਦਾ ਹੈ। ਉਹ ਆਪਣੀ ਪਤਨੀ ਅਤੇ ਕਰੀਬ ਤਿੰਨ ਸਾਲ ਦੀ ਬੇਟੀ ਨੂੰ ਲਿਆਉਣ ਲਈ ਦੇਰ ਸ਼ਾਮ ਚੰਡੀਗੜ੍ਹ ਤੋਂ ਜਲੰਧਰ ਲਈ ਨਿਕਲਿਆ ਸੀ ਕਿ ਨਵਾਂ ਸ਼ਹਿਰ ਦੇ ਮਹਾਲੋਂ ਬਾਈਪਾਸ ਪਾਰ ਕਰਨ ਉਤੇ ਲਾਲ ਢਾਬੇ ਨੇੜੇ ਸੜਕ ਕਿਨਾਰੇ ਖੜ੍ਹੇ ਸਰੀਏ ਨਾਲ ਭਰੇ ਟਰਾਲੇ ਦੀ ਲਪੇਟ ਵਿੱਚ ਆ ਗਿਆ। ਮ੍ਰਿਤਕ ਗੁਰਕਿਰਪਾਲ ਸਿੰਘ ਦੀ ਪਤਨੀ ਨਵਜੋਤ ਕੌਰ ਜਲੰਧਰ ਵਿੱਚ ਸੀਨੀਅਰ ਪੱਤਰਕਾਰ ਹੈ ਅਤੇ ਉਹ ਆਪਣਾ ਇੱਕ ਨਿੱਜੀ ਚੈਨਲ ਚਲਾਉਂਦੀ ਹੈ।




# ਸੰਗਰੂਰ ਵਿੱਚ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਬਾਦਲਾਂ ਲਈ ਔਕੜ ਬਣੀ

ਲੁਧਿਆਣਾ, 29 ਜੂਨ (ਪੋਸਟ ਬਿਊਰੋ)- ਪਿਛਲੇ ਕਈ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਇਸ ਗੱਲ ਦੀ ਦੁਹਾਈ ਪਾਉਂਦਾ ਰਿਹਾ ਸੀ ਕਿ ਜੇ ਕੋਈ ਪਾਰਟੀ ਹੈ ਤਾਂ ਉਹ ਅਕਾਲੀ ਦਲ ਹੈ, ਜਿਸ ਕਾਰਨ ਬਾਦਲਾਂ ਦੀ ਪਿਛਲੇ 50 ਸਾਲਾਂ ਤੋਂ ਸਰਦਾਰੀ ਕਾਇਮ ਸੀ।ਕਈ ਵਾਰ ਰਾਜ ਵਾਲੇ ਅਕਾਲੀ ਦਲ ਬਾਦਲ ਨੇ ਕਈ ਨੇਤਾਵਾਂ ਨੂੰ ਉਚ ਪਦਵੀਆਂ ਉਤੇ ਅਤੇ ਕਈਆਂ ਨੂੰ ਨੁੱਕਰੇ ਵੀ ਲਾਇਆ ਸੀ, ਪਰ 2022 ਵਿੱਚ ਅਕਾਲੀ ਦਲ ਦਾ ਬਹੁਤਬੁਰਾ ਹਾਲ ਹੋਣ ਲੱਗ ਪਿਆ ਹੈ।

ਲੋਕ ਸਭਾ ਹਲਕਾ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਹੱਥੋਂ ਹੋਈ ਸ਼ਰਮਨਾਕ ਹਾਰ ਨਾਲ ਅਕਾਲੀ ਦਲ ਵਿੱਚ ਲੰਬਾ ਸਮਾਂ ਦਬਦਬਾ ਰੱਖਣ ਵਾਲੇ ਬਾਦਲਾਂ ਲਈ ਔਖੀ ਘੜੀ ਬਣ ਗਈ ਦੱਸੀ ਜਾਂਦੀ ਹੈ ਕਿਉਂਕਿ 2017 ਸ਼੍ਰੋਮਣੀ ਅਕਾਲੀ ਦਲ ਲਈ ਐਸਾ ਚੜ੍ਹਿਆ ਕਿ 10 ਸਾਲ ਲਗਾਤਾਰ ਰਾਜ ਭਾਗ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਲਗਭਗ ਸਫਾਇਆ ਹੀ ਹੋਣ ਲੱਗ ਪਿਆ ਹੈ। ਓਦੋਂ ਕੇਵਲ 15 ਵਿਧਾਇਕ ਬਣੇ,



ਉਸ ਤੋਂ ਬਾਅਦ ਲੋਕ ਸਭਾ ਚੋਣਾਂ ਵਿੱਚ ਕੇਵਲ ਦੋ ਐਮ ਪੀ ਇਸ ਪਾਰਟੀ ਦੇ ਪ੍ਰਧਾਨ ਤੇ ਉਨ੍ਹਾਂ ਦੀ ਪਤਨੀ ਹੀ ਜਿੱਤ ਸਕੇ। ਫਿਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦਾ ਐਸਾ ਬੁਰਾ ਹਾਲ ਹੋਇਆ ਕਿ ਕੇਵਲ ਤਿੰਨ ਸੀਟਾਂ ਤੱਕ ਸੁੰਗੜ ਗਿਆ। ਸੰਗਰੂਰ ਲੋਕ ਸਭਾ ਸੀਟ ਉੱਤੇਅਕਾਲੀ ਦਲ 5ਵੇਂ ਨੰਬਰ ਉੱਤੇ ਰਹਿ ਕੇ ਜ਼ਮਾਨਤ ਵੀ ਨਹੀਂ ਬਚਾ ਸਕਿਆ ਅਤੇ ਜਿਸ ਥਾਂ ਪੁੱਜ ਗਿਆ ਹੈ, ਉਸ ਬਾਰੇ ਕਦੇ ਸੁਪਨੇ ਵਿੱਚ ਨਹੀਂ ਸੋਚਿਆ ਹੋਵੇਗਾ। ਅੱਗੋਂ ਅਕਾਲੀ ਦਲ ਵਿੱਚ ਖਿੱਚੋਤਾਣ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਹੁਦੇ ਤੋਂ ਹਟਾਉਣ ਅਤੇ ਅਸਤੀਫਾ ਮੰਗਣ ਵਰਗੇ ਹਾਲਾਤ ਬਣੇ ਹੋਏ ਹਨ।ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾ ਹੈ ਕਿ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੂੰ ਜੇ ਅਕਾਲੀ ਦਲ ਬਾਦਲ ਮਾਨਤਾ ਦਿੰਦਾ ਹੈ ਤਾਂ ਲੰਬੇ ਸਮੇਂ ਤੋਂ ਸਰਦਾਰੀ ਅਤੇ ਦਬਦਬਾ ਬਣਾਈ ਰੱਖਣ ਵਾਲਾ ਸੁਖਬੀਰ ਸਿੰਘ ਲਈ ਇੰਜ ਕਰਨਾ ਔਖਾ ਹੈ, ਪਰ ਜੇ ਇੰਝ ਨਹੀਂ ਕਰਦਾ ਤਾਂ ਲੋਕਾਂ ਵਿੱਚ ਆਧਾਰ ਖੁੱਸਣ ਦੇ ਨਾਲ ਆਮ ਲੋਕਾਂ ਦਾ ਵਿਰੋਧ ਵੀ ਝੱਲਣਾ ਪਵੇਗਾ। ਇਸ ਲਈ ਹਾਲ ਦੀ ਘੜੀ ਪਾਰਟੀ ਸ਼ਸ਼ੋਪੰਜ ਵਿੱਚ ਹੈ।

# ਸਿੱਖਿਆ ਮੰਤਰੀ ਨੇ ਵਿਧਾਨ ਸਭਾ ਵਿੱਚ ਰਾਜਾ ਵੜਿੰਗ ਨੂੰ ਤਿੱਖਾ ਜਵਾਬ ਦਿੱਤਾ

## * ਅਸੀਂ ਤਾਂ ਹਾਰੇ ਹਾਂ, ਤੁਹਾਡਾ ਲੋਕਾਂ ਨੇ ਜਲੂਸ ਕੱਢਿਆ: ਮੀਤ

ਬਰਨਾਲਾ, 29 ਜੂਨ (ਪੋਸਟ ਬਿਊਰੋ)- ਕੱਲ੍ਹ ਵਿਧਾਨ ਸਭਾ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹਲਕਾ ਬਰਨਾਲਾ ਤੋਂ ਵਿਧਾਇਕ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਆਹਮੋ-ਸਾਹਮਣੇ ਹੋ ਗਏ, ਜਿਸ ਵਿੱਚ ਚੋਖੀ ਤਿੱਖੀ ਸ਼ਬਦਾਵਲੀ ਵਰਤੀ ਗਈ।



ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੋਕ ਸਭਾ ਹਲਕਾ ਸੰਗਰੂਰ ਦੇ ਨਤੀਜੇ ਬਾਰੇ ਕਿਹਾ ਕਿ ਮਸਾਂ ਤਿੰਨ ਮਹੀਨਿਆਂ ਵਿੱਚ ਸੰਗਰੂਰ ਦੀ ਜਨਤਾ ਨੇ ਆਮ ਆਦਮੀ ਪਾਰਟੀ ਨੂੰ ਭੁਲਾ ਕੇ 80 ਸਾਲਾ ਬਜ਼ੁਰਗ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜ ਦਿੱਤਾ ਹੈ।ਉਨ੍ਹਾਂ ਕਿਹਾ ਇਨਕਲਾਬ ਸਿਰਫ਼ ਸ਼ਹੀਦ ਭਗਤ ਸਿੰਘ ਦੇ ਨਾਅਰੇ ਲਾਉਣ ਨਾਲ ਨਹੀਂ ਆਉਣਾ। ਇਨਕਲਾਬ ਦੇ ਲਈ ਸਾਨੂੰ ਨਵੀਆਂ ਵਿਵਸਥਾਵਾਂ ਤੇ ਤਬਦੀਲੀਆਂ ਕਰਨੀਆਂ ਪੈਣੀਆਂ ਹਨ। ਉਨ੍ਹਾਂ ਕਿਹਾ ਮਸਾਂ ਤਿੰਨ ਮਹੀਨਿਆਂ ਵਿੱਚ ਹੀ ਲੋਕ ਸਭਾ ਹਲਕਾ ਸੰਗਰੂਰ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਨਕਾਰ ਦਿੱਤਾ ਹੈ।

ਇਸ ਦੇ ਜਵਾਬ ਵਿੱਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਵੜਿੰਗ ਸਾਹਿਬ ਨੇ ਲੋਕ ਸਭਾ ਹਲਕਾ ਸੰਗਰੂਰ ਦੀ ਚੋਣ ਦੇ ਨਤੀਜਿਆਂ ਬਾਰੇ ਜ਼ਿਕਰ ਕੀਤਾ ਹੈ। ਇਸ ਤੋਂ ਪਹਿਲਾਂ ਵੀ ਉੱਪ ਚੋਣਾਂ ਪੰਜਾਬ ਵਿੱਚ ਹੁੰਦੀਆਂ ਰਹੀਆਂ ਹਨ, ਇਹ ਉਪ ਚੋਣ ਪਹਿਲੀ ਵਾਰ ਨਹੀਂ ਹੋਈ। ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਦਾ ਸਿਆਸੀ ਤਜ਼ਰਬਾ ਮੇਰੇ ਤੋਂ ਬਹੁਤ ਜ਼ਿਆਦਾ ਹੈ, ਇਨ੍ਹਾਂ ਨੇ ਕਈ ਉੱਪ ਚੋਣਾਂ ਵੇਖੀਆਂ ਹਨ ਤੇ ਲੋਕ ਸਭਾ ਹਲਕਾ ਸੰਗਰੂਰ ਦੇ ਸਾਰੇ ਲੋਕ ਇਸ ਗੱਲ ਦੇ ਗਵਾਹ ਹਨ ਕਿ ਜਿੰਦਾਂ ਬੀਤੇ ਸਮੇਂ ਵਿੱਚਉੱਪ ਚੋਣਾਂ ਲੜੀਆਂ ਜਾਂਦੀਆਂ ਸਨ, ਅਸੀਂ ਉਹ ਪਿਰਤ ਤੋੜੀ ਹੈ। ਇਸ ਉੱਪ ਚੋਣ ਵਿੱਚ ਨਾ ਕੋਈ ਸ਼ਰਾਬ ਦਾ ਤੁਬਕਾ ਵੰਡਿਆ ਗਿਆ ਅਤੇ ਨਾ ਪ੍ਰਸ਼ਾਸਨ ਦੀ ਕੋਈ ਦਖਲ ਸੀ ਅਤੇ ਜਿਵੇਂ ਪਹਿਲਾਂ ਚੋਣਾਂ ਦੇ ਅਖੀਰਲੇ ਦਿਨ ਸਾਰੇ ਪੰਜਾਬ ਦੀ ਸਰਕਾਰ ਪਿੰਡਾਂ ਵਿੱਚ ਜਾ ਕੇ ਬੈਠ ਜਾਂਦੀ ਸੀ, ਸਾਡਾ ਇਕ ਵੀ ਵਿਧਾਇਕ ਜਾਂ ਮੰਤਰੀ ਪਿੰਡਾਂ ਵਿੱਚ ਨਹੀਂ ਸੀ।ਉਨ੍ਹਾਂ ਕਿਹਾ ਇਹ ਨਵੀਂ ਪਿਰਤ ਦੀ ਸ਼ੁਰੂ ਕਰਨ ਲਈ ਮੈਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਧਾਈ ਦਿੰਦਾ ਹਾਂ। ਉਨ੍ਹਾਂ ਕਿਹਾ ਪਾਰਲੀਮੈਂਟ ਪਹਿਲਾਂ ਵੀ ਬਣਦੇ ਰਹੇ ਸੀ ਅਤੇ ਅੱਗੇ ਵੀ ਬਣਨਗੇ ਪਰ ਇਹ ਪਿਰਤ ਸਿਰਫ਼ ਆਮ ਆਦਮੀ ਪਾਰਟੀ ਨੇ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਬਿਨਾਂ ਸਿਆਸੀ ਤੰਤਰ ਦੀ ਵਰਤੋਂ ਕੀਤੇ ਅਤੇ ਬਿਨਾਂ ਤਾਕਤ ਦੀ ਵਰਤੋਂ ਕੀਤੇ ਅਸੀਂ ਇਹ ਚੋਣ ਲੜੀ ਅਤੇ ਜੋ ਲੋਕਾਂ ਨੇ ਫਤਵਾ ਦਿੱਤਾ ਹੈ, ਅਸੀਂ ਉਸ ਨੂੰ ਸਵੀਕਾਰ ਕਰਦੇ ਹਾਂ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਸਾਡੀ ਵੋਟ 37 ਫ਼ੀਸਦੀ ਤੋਂ ਘੱਟ ਕੇ 35 ਫ਼ੀਸਦੀ ਰਹਿ ਗਈ, ਅਸੀਂ ਸਿਰਫ਼ ਹਾਰੇ ਹਾਂ, ਪਰ ਇਨ੍ਹਾਂ ਦਾ ਤਾਂ ਲੋਕਾਂ ਨੇ ਜਲੂਸ ਕੱਢਿਆ ਹੈ। ਤਿੰਨਾਂ ਪਾਰਟੀਆਂ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੀਆਂ ਲੋਕਾਂ ਨੇ ਜ਼ਮਾਨਤਾਂ ਜ਼ਬਤ ਕਰਵਾਈਆਂ ਹਨ। ਉਨ੍ਹਾਂ ਕਿਹਾ ਸਾਡੇ ਵਿੱਚ ਜੋ ਕਮੀਆਂ ਰਹੀਆਂ ਹੋਣਗੀਆਂ, ਉਸ ਉੱਤੇ ਗੱਲਬਾਤ ਕਰਾਂਗੇ ਪਰ ਇਨ੍ਹਾਂ ਨੂੰ ਵੀ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਲੋਕਾਂ ਨੇ ਇਨ੍ਹਾਂ ਦੀਆਂ ਜ਼ਮਾਨਤਾਂ ਕਿਉਂ ਜ਼ਬਤ ਕਰਵਾਈਆਂ।

# ਗੈਂਗਸਟਰ ਮੁਖਤਾਰ ਅੰਸਾਰੀ ਦੇ ਨਾਲ ਉਸਦੀ ਪਤਨੀ ਪੰਜਾਬ ਦੀ ਜੇਲ੍ਹ ਵਿੱਚ ਰਹਿੰਦੀ ਰਹੀ!

ਚੰਡੀਗੜ੍ਹ, 29 ਜੂਨ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਨਾਮੀ ਗੈਂਗਸਟਰ ਮੁਖਤਾਰ ਅੰਸਾਰੀ ਨੂੰ ਕਾਂਗਰਸ ਦੀ ਸਰਕਾਰ ਦੇ ਵਕਤ ਪੰਜਾਬ ਦੀ ਜੇਲ੍ਹ ਵਿੱਚ ਵੀ ਆਈ ਪੀ ਟ੍ਰੀਟਮੈਂਟ ਮਿਲਦਾ ਸੀ ਅਤੇ ਜੇਲ੍ਹ ਦੀ ਬੈਰਕ ਵਿੱਚ ਉਸ ਦੀ ਪਤਨੀ ਵੀ ਨਾਲ ਰਹਿੰਦੀ ਰਹੀ ਸੀ। ਇਹ ਗੱਲ ਵਿਧਾਨ ਸਭਾ ਵਿੱਚ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਹੀ ਹੈ।



ਕੱਲ੍ਹ ਵਿਧਾਨ ਸਭਾ ਵਿੱਚ ਬਜਟ ਦੀ ਚਰਚਾ ਦੌਰਾਨ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁਖਤਾਰ ਅੰਸਾਰੀ ਨੂੰ ਦੋ ਸਾਲ ਤਿੰਨ ਮਹੀਨੇ ਪੰਜਾਬ ਦੀ ਜੇਲ੍ਹ ਵਿੱਚ ਰੱਖਿਆ ਗਿਆ ਅਤੇ ਇਸ ਲਈ ਪੰਜਾਬ ਦੇ ਮੋਹਾਲੀ ਜ਼ਿਲ੍ਹੇ ਵਿੱਚ ਫਰਜ਼ੀ ਕੇਸ ਦਰਜ ਕੀਤਾ ਗਿਆ, ਜਿਸ ਦਾ ਕਈ ਕੋਈ ਚਲਾਨ ਨਹੀਂ ਹੋਇਆ ਤੇ ਕੋਈ ਡਿਫਾਲਟ ਬੇਲ ਨਹੀਂ ਲਈ ਗਈ। ਜਿਸ ਬੈਰਕ ਵਿੱਚ 25 ਕੈਦੀ ਚਾਹੀਦੇ ਹਨ, ਉਥੇ ਮੁਖਤਾਰ ਅੰਸਾਰੀ ਨੂੰ ਵੀ ਆਈ ਪੀ ਟ੍ਰੀਟਮੈਂਟ ਦਿੱਤਾ ਗਿਆ। ਇਸ ਬੈਰਕ ਵਿੱਚ ਮੁਖਤਾਰ ਅੰਸਾਰੀ ਦੀ ਪਤਨੀ ਵੀ ਨਾਲ ਰਹਿੰਦੀ ਸੀ ਅਤੇ ਮੁਖਤਾਰ ਅੰਸਾਰੀ ਨੇ ਜੇਲ੍ਹ ਵਿੱਚ ਫ਼ੋਨ ਦਾ ਧੜੱਲੇ ਨਾਲ ਵਰਤਿਆ ਅਤੇ ਪਤਾ ਨਹੀਂ ਕਿੰਨੇ ਗੈਂਗਸਟਰ ਹੋਰ ਪੈਦਾ ਕੀਤੇ ਸਨ। ਹਰਜੋਤ ਸਿੰਘ ਬੈਂਸ ਨੇ ਇਹ ਵੀ ਕਿਹਾ ਕਿ ਉਤਰ ਪ੍ਰਦੇਸ਼ ਪੁਲਸ ਨੇ 26 ਵਾਰ ਮੁਖਤਾਰ ਅੰਸਾਰੀ ਲਈ ਪ੍ਰੋਡਕਸ਼ਨ ਵਾਰੰਟ ਲਿਆਂਦਾ, ਪਰ ਪੰਜਾਬ ਪੁਲਸ ਨੇ ਨਹੀਂ ਸੁਣਿਆ। ਫਿਰ ਉਤਰ ਪ੍ਰਦੇਸ਼ ਪੁਲਸ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਤਾਂ ਪੰਜਾਬ ਸਰਕਾਰ ਨੇ 11 ਲੱਖ ਰੁਪਏ ਪੇਸ਼ੀ ਦੀ ਫ਼ੀਸ ਉੱਤੇ ਵਕੀਲ ਨਿਯੁਕਤ ਕੀਤਾ। ਹਰ ਪੇਸ਼ੀ ਉੱਤੇ ਵਕੀਲਾਂ ਨੂੰ 11 ਲੱਖ ਦਿੱਤੇ ਜਾਂਦੇ ਸਨ ਤੇ ਪੇਸ਼ੀ ਨਾ ਹੋਣ ਉੱਤੇ ਸਾਢੇ ਪੰਜ ਲੱਖ ਰੁਪਏ ਦੇਣੇ ਪੈਂਦੇ ਸਨ। ਅੱਜ ਪੰਜਾਬ ਸਰਕਾਰ ਨੂੰ 55 ਲੱਖ ਰੁਪਏ ਦਾ ਬਿੱਲ ਹੋਰ ਆਇਆ ਪਿਆ ਹੈ। ਰਾਜ ਸਰਕਾਰ ਨੇ ਇਸ ਦੀ ਜਾਂਚ ਲਈ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ।

ਇਸ ਉੱਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇ ਬਜਟ ਦੀ ਬਹਿਸ ਤੋਂ ਬਾਹਰ ਦੀ ਗੱਲ ਕਰਨੀ ਹੈ ਤਾਂ ਲਾਰੈਂਸ ਬਿਸ਼ਨੋਈ ਦੀ ਗੱਲ ਵੀ ਕਰੋ ਕਿ ਉਹ ਕਿਸ ਜੇਲ੍ਹ ਵਿੱਚ ਰਹਿੰਦਾ ਸੀ ਤੇ ਕੀ-ਕੀ ਕਰਦਾ ਸੀ। ਜੇਕਰ ਸਰਕਾਰ ਮੁਖਤਾਰ ਅੰਸਾਰੀ ਨੂੰ ਲੱਭ ਰਹੀ ਹੈ ਤਾਂ ਲਾਰੈਂਸ ਬਿਸ਼ਨੋਈ ਉੱਤੇ ਵੀ ਗੱਲ ਹੋਵੇ। ਮੁਖਤਾਰ ਅੰਸਾਰੀ ਤੋਂ ਓਨਾ ਖਤਰਾ ਨਹੀਂ, ਜਿੰਨਾ ਅੱਜ ਲਾਰੈਂਸ ਬਿਸ਼ਨੋਈ ਤੋਂ ਹੈ। ਕਾਂਗਰਸ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜੇਲ੍ਹ ਵਿੱਚ ਮੁਖਤਾਰ ਅੰਸਾਰੀ ਦੀ ਪਤਨੀ ਦੇ ਰਹਿਣ ਬਾਰੇ ਸਰਕਾਰ ਨੂੰ ਸਬੂਤ ਦੇਣਾ ਚਾਹੀਦਾ ਹੈ। ਇਸ ਉੱਤੇ ਬੈਂਸ ਨੇ ਕਿਹਾ ਕਿ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ, ਪੰਜਾਬ ਦੀ ਜਨਤਾ ਦੇ ਸਾਹਮਣੇ ਸਾਰਾ ਸੱਚ ਆ ਜਾਵੇਗਾ।

# ਡੇਰਾਬੱਸੀ ਗੋਲੀ ਕਾਂਡ: ਮੁਬਾਰਕਪੁਰ ਚੌਕੀ ਦੇ ਮੁਖੀ ਬਲਵਿੰਦਰ ਸਿੰਘ ਵਿਰੁੱਧ ਕੇਸ ਦਰਜ

ਡੇਰਾਬੱਸੀ, 29 ਜੂਨ (ਪੋਸਟ ਬਿਊਰੋ)- ਜ਼ਿਲਾ ਐਸ ਏ ਐਸ ਨਗਰ ਦੇ ਐਸ ਐਸ ਪੀ ਵਿਵੇਕ ਸ਼ੀਲ ਸੋਨੀ ਨੇ ਡੇਰਾਬੱਸੀ ਗੋਲੀਕਾਂਡ ਮਾਮਲੇ ਵਿੱਚ ਕੱਲ੍ਹ ਮੁਬਾਰਕਪੁਰ ਪੁਲਸ ਚੌਕੀ ਦੇ ਮੁਖੀ ਸਬ-ਇੰਸਪੈਕਟਰ (ਐਸ ਆਈ) ਬਲਵਿੰਦਰ ਸਿੰਘ ਵਿਰੁੱਧ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ। ਐਸ ਐਸ ਪੀ ਨੇ ਉਸ ਮੌਕੇ ਉੱਤੇ ਮੌਜੂਦ ਤਿੰਨ ਹੋਰ ਪੁਲਸ ਮੁਲਾਜ਼ਮਾਂ ਵਿਰੁੱਧ ਵੀ ਵਿਭਾਗੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਹੈ।



ਵਰਨਣ ਯੋਗ ਹੈ ਕਿ 26 ਜੂਨ ਦੀ ਰਾਤ ਜਦੋਂ ਐਸ ਆਈ ਬਲਵਿੰਦਰ ਸਿੰਘ ਪੁਲਸ ਟੀਮ ਨਾਲ ਰੁਟੀਨ ਚੈਕਿੰਗ ਕਰ ਰਹੇ ਸਨ ਤਾਂ ਉਨ੍ਹਾਂ ਨੇ ਕੁਝ ਵਿਅਕਤੀਆਂ ਨਾਲ ਝਗੜੇ ਪਿੱਛੋਂ ਹਿਤੇਸ਼ ਕੁਮਾਰ ਦੀ ਲੱਤ ਉੱਤੇ ਗੋਲੀ ਮਾਰ ਦਿੱਤੀ ਸੀ। ਇਸ ਪਿੱਛੋਂ ਕੁਝ ਲੋਕਾਂ ਨੇ ਪੁਲਸ ਵਾਹਨ ਦੀ ਭੰਨਤੋੜ ਕੀਤੀ। ਐਸ ਐਸ ਪੀ ਨੇ ਐਸ ਆਈ ਬਲਵਿੰਦਰ ਸਿੰਘ ਨੂੰ ਕੱਲ੍ਹ ਸਸਪੈਂਡ ਕਰ ਦਿੱਤਾ ਅਤੇ ਉਸ ਦਾ ਤਬਾਦਲਾ ਪੁਲਸ ਲਾਈਨ ਕਰ ਦਿੱਤਾ ਸੀ। ਇਸ ਘਟਨਾ ਉਪਰੰਤ ਐਸ ਐਸ ਪੀ ਨੇ ਤੁਰੰਤ ਘਟਨਾ ਦੀ ਜਾਂਚ ਕਰਨ ਅਤੇ ਰਿਪੋਰਟ ਸੌਂਪਣ ਲਈ ਐਸ ਪੀ ਹੈਡਕੁਆਰਟਰ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ ਸੀ ਅਤੇ ਇਹ ਟੀਮ ਵੱਲੋਂ ਕੇਸ ਦੀ ਅਗਲੀ ਜਾਂਚ ਕਰ ਰਹੀ ਹੈ।ਥਾਣਾ ਡੇਰਾਬੱਸੀ ਵਿਖੇ ਕੇਸ ਦਰਜ ਕਰ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਮੌਕੇ ਉੱਤੇ ਮੌਜੂਦ ਡਰਾਈਵਰ ਹੌਲਦਾਰ ਸਾਬਰਦੀਨ ਅਤੇ ਹੌਲਦਾਰ ਬਿੰਦਰ ਸਿੰਘ ਵਿਰੁੱਧ ਡਿਊਟੀ ਵਿੱਚ ਲਾਪਰਵਾਹੀ ਦੇ ਦੋਸ਼ ਹੇਠ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਜ਼ੁਰਗ ਨੂੰ ਲੁੱਟਣ ਵਾਲਾ 'ਚਮਤਕਾਰੀ ਬਾਬਾ' ਕਾਬੂ

ਜਲੰਧਰ, 29 ਜੂਨ (ਪੋਸਟ ਬਿਊਰੋ)- ਏਥੋਂ ਦੇ ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ 120 ਫੁੱਟੀ ਰੋਡ ਤੋਂ ਕੱਲ੍ਹ ਸਵੇਰੇ ਇੱਕ ਦੁਕਾਨਦਾਰ ਕੋਲੋਂ ਬਾਬਾ ਬਣ ਕੇ ਲੁੱਟਣ ਵਾਲੇ ਚਾਰ ਜਣਿਆਂ ਵਿੱਚੋਂ ਇੱਕ ਨੂੰ ਫੜ ਲਿਆ ਹੈ।



ਥਾਣਾ ਮੁਖੀ ਪਰਮਿੰਦਰ ਸਿੰਘ ਦੇ ਮੁਤਾਬਕ ਉਨ੍ਹਾਂ ਨੂੰ ਅਨਿਲ ਕੁਮਾਰ ਵਾਸੀ 120 ਫੁੱਟੀ ਰੋਡ ਨੇ ਸ਼ਿਕਾਇਤ ਕੀਤੀ ਸੀ ਕਿ ਉਹ ਸਵੇਰੇ ਆਪਣੀ ਦੁਕਾਨ ਉੱਤੇ ਬੈਠਾ ਸੀ ਕਿ ਇੱਕ ਬਾਬੇ ਦਾ ਭੇਸ ਧਾਰ ਕੇ ਆਇਆ ਵਿਅਕਤੀ ਉਸ ਕੋਲੋਂ ਰਾਧਾ ਸੁਆਮੀ ਸਤਿਸੰਗ ਘਰ ਦਾ ਪਤਾ ਪੁੱਛਣ ਲੱਗਾ। ਇੰਨੇ ਵਿੱਚ ਦੋ ਵਿਅਕਤੀ ਤੇ ਇੱਕ ਔਰਤ ਉਥੇ ਪਹੁੰਚ ਗਏ ਅਤੇ ਦੁਕਾਨਦਾਰ ਨੂੰ ਕਹਿਣ ਲੱਗੇ ਕਿ ਇਹ ਬਾਬਾ ਬਹੁਤ ਚਮਤਕਾਰੀ ਹੈ। ਅਨਿਲ ਕੁਮਾਰ ਨੂੰ ਜਦ ਇਹ ਲੱਗਾ ਕਿ ਇਹ ਠੱਗ ਹਨ ਤਾਂ ਉਸ ਨੇ ਆਪਣੀਆਂ ਉਂਗਲਾਂ ਤੋਂ ਸੋਨੇ ਦੀਆਂ ਅੰਗੂਠੀਆਂ ਲਾਹ ਕੇ ਰੁਮਾਲ ਵਿੱਚ ਪਾ ਕੇ ਜੇਬ ਵਿੱਚ ਪਾ ਲਈਆਂ, ਪਰ ਰੁਮਾਲ ਦਾ ਕੁਝ ਹਿੱਸਾ ਜੇਬ ਵਿੱਚੋਂ ਬਾਹਰ ਦਿੱਸ ਰਿਹਾ ਸੀ। ਉਨ੍ਹਾਂ ਲੋਕਾਂ ਨੇ ਉਹ ਰੁਮਾਲ ਜੇਬ ਵਿੱਚੋਂ ਬਾਹਰ ਕੱਢ ਲਿਆ ਤੇ ਮੋਟਰ ਸਾਈਕਲ ਉੱਤੇ ਫਰਾਰ ਹੋ ਗਏ। ਇੰਨੇ ਨੂੰ ਇੱਕ ਹੋਰ ਮੋਟਰ ਸਾਈਕਲ ਆਇਆ, ਜਿਸ ਉੱਤੇ ਬਾਬਾ ਵੀ ਬਹਿ ਕੇ ਫਰਾਰ ਹੋ ਗਿਆ। ਪੁਲਸ ਨੇ ਅਨਿਲ ਕੁਮਾਰ ਦੇ ਬਿਆਨਾਂ ਉੱਤੇਕੇਸ ਦਰਜ ਕਰ ਕੇ ਜਾਂਚ ਕੀਤੀ।

ਮੁਖਬਰ ਦੀਸੂਚਨਾ ਉੱਤੇਪੁਲਸ ਨੇ ਬਾਬੇਨੂੰ ਬਾਬਾ ਬੁੱਢਾ ਜੀ ਪੁਲ ਉੱਤੇ ਘੁੰਮਦੇ ਨੂੰਫੜ ਲਿਆ। ਉਕਤ ਬਾਬਾ ਅਕਬਰ ਨੂਰਪੁਰ ਕਾਲੋਨੀ ਦਾ ਵਾਸੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਪੁਲਸ ਨੇ ਪੀੜਤ ਅਨਿਲ ਕੁਮਾਰ ਨੂੰ ਥਾਣੇ ਸੱਦਿਆ ਤਾਂ ਉਸ ਨੇ ਅਕਬਰ ਦੀ ਪਛਾਣ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਸ ਉਸ ਦੇ ਫਰਾਰ ਦੋ ਸਾਥੀਆਂ ਅਤੇ ਇੱਕ ਔਰਤ ਨੂੰ ਵੀ ਜਲਦੀ ਕਾਬੂ ਕਰ ਲਵੇਗੀ। ਫਿਲਹਾਲ ਅਕਬਰ ਤਿੰਨ ਦੇ ਪੁਲਸ ਰਿਮਾਂਡ ਉੱਤੇ ਹੈ।

# ਹੈਲੀਕਾਪਟਰ ਅਰਬ ਸਾਗਰ ਵਿੱਚ ਡਿੱਗਣ ਨਾਲ ਚਾਰ ਮੌਤਾਂ



ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ)- ਤੇਲ ਅਤੇ ਕੁਦਰਤੀ ਗੈਸ ਕਮਿਸ਼ਨ (ਓ ਐਨ ਜੀ ਸੀ( ਨੂੰ ਸੇਵਾ ਦੇਂਦਾ ਪਵਨ ਹੰਸ ਦਾ ਹੈਲੀਕਾਪਟਰ ਕੱਲ੍ਹ ਮੁੰਬਈ ਤੱਟ ਤੋਂ ਲਗਭਗ ਪੰਜਾਹ ਸਮੁੰਦਰੀ ਮੀਲ ਦੂਰ ਅਰਬ ਸਾਗਰ ਵਿੱਚ ਡਿਗ ਪਿਆ। ਇਸ ਹਾਦਸੇ ਵਿੱਚ ਓ ਐਨ ਜੀ ਸੀ ਦੇ ਤਿੰਨ ਮੁਲਾਜ਼ਮਾਂ ਸਣੇ ਚਾਰ ਲੋਕ ਮਾਰੇ ਗਏ।

ਹੈਲੀਕਾਪਟਰ ਵਿੱਚ ਦੋ ਪਾਇਲਟ ਅਤੇ ਓ ਐਨ ਜੀ ਸੀ ਦੇ ਛੇ ਮੁਲਾਜ਼ਮ ਸਨ। ਕੰਪਨੀ ਦਾ ਕੰਮ ਕਰਦੇ ਠੇਕੇਦਾਰ ਦੇ ਇੱਕ ਕਰਮਚਾਰੀ ਦੀ ਵੀ ਇਸ ਹਾਦਸੇ ਵਿੱਚ ਮੌਤ ਹੋ ਗਈ। ਹਾਦਸੇ ਦਾ ਸ਼ਿਕਾਰ ਹੋਇਆ ਸਿਕੋਰਸਕੀ ਹੈਲੀਕਾਪਟਰ ਬਿਲਕੁਲ ਨਵਾਂ ਸੀ। ਇਸ ਨੂੰ ਪਵਨ ਹੰਸ ਨੇ ਪਿੱਛੇ ਜਿਹੇ ਮਾਈਲਸਟੋਨ ਐਵੀਏਸ਼ਨ ਗਰੁੱਪ ਕੋਲੋਂ ਪਟੇ ਉੱਤੇ ਲਿਆ ਸੀ। ਇਹ ਹੈਲੀਕਾਪਟਰ ਮੁੰਬਈ ਤੱਟ ਤੋਂ ਪੰਜਾਹ ਸਮੁੰਦਰੀ ਮੀਲ ਦੂਰ ਓ ਐਨ ਜੀ ਸੀ ਰਿਗ-ਸਾਗਰ ਕਿਰਨ ਵਿੱਚ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਦੋਂ ਇਹ ਹਾਦਸਾ ਵਾਪਰ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਓ ਐਨ ਜੀ ਸੀ ਰਿਗ ਤੋਂ ਕਰੀਬ ਡੇਢ ਕਿਲੋਮੀਟਰ ਪਹਿਲਾਂ ਹੈਲੀਕਾਪਟਰ ਸਮੁੰਦਰ ਵਿੱਚ ਡਿਗ ਪਿਆ। ਪਾਇਲਟਾਂ ਨੇ ਫੁਰਤੀ ਦਿਖਾ ਕੇ ਫਲੋਟਰ ਖੋਲ੍ਹ ਦਿੱਤਾ ਜਿਸ ਨਾਲ ਇਹ ਡੁੱਬਣ ਤੋਂ ਬਚ ਗਿਆ। ਕਿਨ੍ਹਾਂ ਹਾਲਤਾਂ ਵਿੱਚ ਇਹ ਹਾਦਸਾ ਵਾਪਰਿਆ, ਇਸ ਦਾ ਪਤਾ ਨਹੀਂ ਲੱਗ ਸਕਿਆ।ਹਾਦਸੇ ਦੀ ਸੂਚਾ ਮਿਲਦਿਆਂ ਸਾਰ ਓ ਐਨ ਜੀ ਸੀ ਅਤੇ ਨੇਵੀ ਨੇ ਬਚਾਅ ਮੁਹਿਮ ਸ਼ੁਰੂ ਕਰ ਦਿੱਤੀ। ਓ ਐਨ ਜੀ ਸੀ ਦੇ ਬੇੜੇ ਮਾਲਵੀਯ-16 ਦੀ ਮਦਦ ਨਾਲ ਚਾਰ ਲੋਕਾਂ ਨੂੰ ਕੱਢਿਆ ਗਿਆ। ਇੱਕ ਜਣੇ ਨੂੰ ਰਿਗ ਦੀ ਰਾਹਤ ਬੇੜੀ ਨਾਲ ਬਚਾਇਆ ਗਿਆ। ਚਾਰ ਜਣਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਨੇਵੀ ਦੇ ਹੈਲੀਕਾਪਟਰ ਨੇ ਏਅਰਲਿਫਟ ਕੀਤਾ ਤੇ ਮੁੰਬਈ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵ-ਾਇਆ, ਪਰ ਉਥੇ ਇਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।ਓ ਐਨ ਜੀ ਸੀ ਕੋਲ ਮੁੰਬਈ ਤੱਟ ਦੇ ਨੇੜੇ ਗੈਸ ਤੇ ਤੇਲ ਦੇ ਮਹੱਤਵਪੂਰਨ ਖੇਤਰ ਹਨ। ਪਵਨ ਹੰਸ ਦਾ ਹੈਲੀਕਾਪਟਰ ਰੋਜ਼ ਕੰਪਨੀ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਓਥੇ ਲਿਜਾਂਦਾ ਹੈ।

# ਪਿਘਲ ਰਹੇ ਤਿੱਬਤ ਦੇ ਗਲੇਸ਼ੀਅਰਾਂ ਵਿੱਚੋਂ ਬੈਕਟੀਰੀਆ ਦੀਆਂ 1000 ਨਵੀਆਂ ਨਸਲਾਂ ਮਿਲੀਆਂ

ਨੇਪਾਲ, 29 ਜੂਨ (ਪੋਸਟ ਬਿਊਰੋ)- ਤਿੱਬਤ ਦੇ ਗਲੇਸ਼ੀਅਰਾਂ ਵਿੱਚ ਬੈਕਟੀਰੀਆ ਦੀਆਂ 1000 ਨਵੀਆਂ ਨਸਲਾਂ ਮਿਲਣ ਦਾ ਪਤਾ ਲੱਗਾ ਹੈ। ਇਨ੍ਹਾਂ ਵਿੱਚੋਂ ਸੈਂਕੜਿਆਂ ਦਾ ਵਿਗਿਆਨੀਆਂ ਨੂੰ ਕੁਝ ਵੀ ਨਹੀਂ ਪਤਾ।

ਜਲਵਾਯੂ ਪਰਿਵਰਤਨ ਕਾਰਨ ਇਹ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਜਦੋਂ ਇਹ ਪਿਘਲੇ ਤਾਂ ਇਨ੍ਹਾਂ ਦਾ ਪਾਣੀ ਬੈਕਟੀਰੀਆ ਦੇ ਨਾਲ ਚੀਨ ਅਤੇ ਭਾਰਤ ਦੀਆਂ ਨਦੀਆਂ ਵਿੱਚ ਮਿਲੇਗਾ, ਜਿਸ ਨੂੰ ਪੀ ਕੇ ਲੋਕ ਨਵੀਆਂ ਬਿਮਾਰੀਆਂ ਦੀ ਲਪੇਟ ਵਿੱਚ ਆ ਸਕਦੇ ਹਨ। ਉਂਜ ਇਸ ਦੇ ਪਿੱਛੇ ਇਨਸਾਨ ਹੀ ਜ਼ਿੰਮੇਵਾਰ ਹੈ ਕਿਉਂਕਿ ਉਸ ਦੇ ਕਾਰਨ ਹੀ ਜਲਵਾਯੂ ਪਰਿਵਰਤਨ ਹੋ ਰਿਹਾ ਅਤੇ ਤਾਪਮਾਨ ਵਧ ਰਿਹਾ ਹੈ।ਨੇਚਰ ਬਾਇਓਟੈਕਨਾਲੋਜੀ ਵਿੱਚ ਛਪੀ ਇਸ ਨਵੀਂ ਰਿਪੋਰਟ ਵਿੱਚ ਭਾਰਤ ਅਤੇ ਚੀਨ ਲਈ ਇਹ ਚਿੰਤਾ ਦੀ ਗੱਲ ਹੈ। ਚੀਨ ਦੇ ਯੂਨੀਵਰਸਿਟੀ ਆਫ ਚਾਈਨੀਜ਼ ਅਕੈਡਮੀ ਆਫ ਸਾਇੰਸ ਦੇ ਵਿਗਿਆਨੀਆਂ ਨੇ ਤਿੱਬਤੀ ਪਠਾਰਾਂਦੇ 21 ਗਲੇਸ਼ੀਅਰਾਂ ਦੇ ਸੈਂਪਲ ਜਮ੍ਹਾ ਕੀਤੇ ਸਨ। ਇਹ ਸੈਂਪਲ 2016 ਤੋਂ 2020 ਦਰਮਿਆਨ ਇਕੱਠੇ ਕੀਤੇ ਗਏ। ਇਨ੍ਹਾਂ ਵਿੱਚ 968 ਨਸਲਾਂ ਦੇ ਬੈਕਟੀਰੀਆ ਮਿਲੇ, ਜਿਸ ਵਿੱਚ 82 ਫੀਸਦੀ ਬੈਕਟੀਰੀਆ ਇਕਦਮ ਨਵੇਂ ਹਨ, ਜਿਨ੍ਹਾਂ ਦੀ ਦੁਨੀਆ ਭਰ ਦੇ ਵਿਗਿਆਨੀਆਂ ਨੂੰ ਜਾਣਕਾਰੀ ਨਹੀਂ। ਗਲੇਸ਼ੀਅਰ ਅਤੇ ਬਰਫੀਲੀਆਂ ਚਾਦਰਾਂ ਧਰਤੀ ਦੇ 10 ਫੀਸਦੀ ਸਤ੍ਹਾ ਨੂੰ ਕਵਰ ਕਰਦੇ ਹਨ। ਧਰਤੀ ਉੱਤੇ ਸਭ ਤੋਂ ਵੱਧ ਸਾਫ ਪਾਣੀ ਦਾ ਸਰੋਤ ਇਨ੍ਹਾਂ ਦੇ ਕੋਲ ਹੈ। ਦਿੱਕਤ ਇਹ ਹੈ ਕਿ ਹਜ਼ਾਰਾਂ ਸਾਲ ਤੋਂ ਜੰਮੇ ਗਲੇਸ਼ੀਅਰਾਂ ਦੇ ਹੇਠਾਂ ਕੀ ਹੈ, ਕਿੰਦਾਂ ਦਾ ਵਾਤਾਵਰਣ ਅਤੇ ਕਿੰਦਾਂ ਦੇ ਜੀਵ ਤੇ ਸੂਖਮਜੀਵ ਹਨ, ਇਹ ਹਮੇਸ਼ਾ ਤੋਂ ਵਿਗਿਆਨੀਆਂ ਦੀ ਖੋਜ ਲਈ ਪ੍ਰਮੁੱਖ ਵਿਸ਼ਾ ਹੈ। ਵਿਗਿਆਨੀ ਜਾਨਣਾ ਚਾਹੁੰਦੇ ਹਨ ਕਿ ਗਲੇਸ਼ੀਅਰ ਪਿਘਲੇਗਾ ਤਾਂ ਇੱਥੇ ਮੌਜੂਦ ਸੂਖਮਜੀਵ ਇਨਸਾਨਾਂ ਅਤੇ ਹੋਰਨਾਂ ਜੀਵਾਂ ਉੱਤੇ ਕੀ ਅਸਰ ਪਾਉਣਗੇ।



# ਭਾਰਤ ਵਿੱਚ ਕ੍ਰੈਡਿਟ ਕਾਰਡ ਤੋਂ ਖਰਚ ਰਿਕਾਰਡ ਪੱਧਰ ਉੱਤੇ ਪੁੱਜਾ

ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ)- ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੇ ਅੰਕੜੇ ਜਾਰੀ ਕਰ ਕੇ ਦੱਸਿਆ ਹੈ ਕਿ ਇਸ ਸਾਲ ਮਈ ਵਿੱਚ ਕ੍ਰੈਡਿਟ ਕਾਰਡ ਰਾਹੀਂ ਖਰਚ ਰਿਕਾਰਡ ਪੱਧਰ ਉੱਤੇਪੁੱਜ ਗਿਆ ਹੈ। ਖਪਤਕਾਰਾਂ ਨੇ ਸਿਰਫ਼ ਕ੍ਰੈਡਿਟ ਰਾਹੀਂ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਖਰਚ ਕੀਤਾ ਹੈ।



ਆਰ ਬੀ ਆਈ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਪਿਛਲੇ ਸਾਲ ਦੀ ਮਈ ਦੇ ਮੁਕਾਬਲੇ ਕ੍ਰੈਡਿਟ ਕਾਰਡ ਦਾ ਖਰਚ ਇਸ ਸਾਲ ਦੁੱਗਣੇ ਤੋਂ ਵੱਧ ਰਿਹਾ ਹੈ। ਮਈ ਵਿੱਚ ਖਪਤਕਾਰਾਂ ਨੇ ਰਿਕਾਰਡ 1.14 ਲੱਖ ਕਰੋੜ ਰੁਪਏ ਕ੍ਰੈਡਿਟ ਕਾਰਡ ਰਾਹੀਂ ਖਰਚ ਕੀਤੇ ਹਨ। ਇਹ ਸਾਲਾਨਾ ਆਧਾਰ ਉੱਤੇ 118 ਫ਼ੀਸਦੀ ਦਾ ਵਾਧਾ ਹੈ, ਜਦ ਕਿ ਮਾਸਿਕ ਆਧਾਰ ਉੱਤੇ ਅੱਠ ਫ਼ੀਸਦੀ ਦਾ ਉਛਾਲ ਦਿੱਸਦਾ ਹੈ।ਮਹਾਮਾਰੀ ਤੇ ਮਹਿੰਗਾਈ ਵਰਗੀਆਂ ਚੁਣੌਤੀਆਂ ਦੇ ਦਬਾਅ ਵਿੱਚ ਵੀ ਕ੍ਰੈਡਿਟ ਕਾਰਡ ਦਾ ਵਧਦਾ ਖਰਚਾ ਅਰਥਵਿਵਸਥਾ ਲਈ ਸ਼ੁੱਭ ਸੰਕੇਤ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਰਿਟੇਲ ਅਰਥਵਿਵਸਥਾ ਮਜ਼ਬੂਤੀ ਨਾਲ ਵਧ ਰਹੀ ਹੈ ਤੇ ਖਪਤਕਾਰਾਂ ਦੀ ਖਪਤ ਵਿੱਚ ਤੇਜ਼ੀ ਨਾਲ ਸੁਧਾਰ ਆ ਰਿਹਾ ਹੈ।ਆਰ ਬੀ ਆਈ ਮੁਤਾਬਕ ਇਸ ਸਾਲ ਅਪ੍ਰੈਲ ਵਿੱਚ ਖਪਤਕਾਰਾਂ ਨੇ ਕ੍ਰੈਡਿਟ ਕਾਰਡ ਰਾਹੀਂ 1.05 ਲੱਖ ਕਰੋੜ ਰੁਪਏ ਖਰਚ ਕੀਤੇ ਸਨ, ਜਦ ਕਿ ਪਿਛਲੇ ਸਾਲ ਮਈ ਵਿੱਚ ਇਹ ਖਰਚ ਸਿਰਫ਼ 52,200 ਕਰੋੜ ਰੁਪਏ ਸੀ।ਆਰ ਬੀ ਆਈ ਦੇ ਮੁਤਾਬਕ ਕ੍ਰੈਡਿਟ ਕਾਰਡ ਰਾਹੀਂ ਖਰਚ ਬਾਰੇ ਸਭ ਤੋਂ ਵੱਡਾ ਵਾਧਾ ਨਿੱਜੀ ਬੈਂਕਾਂ ਦਾ ਹੈ। ਇੰਡਸਾਈਡ ਬੈਂਕ ਦੇ ਕ੍ਰੈਡਿਟ ਕਾਰਡ ਖਰਚ ਵਿੱਚ 17 ਫ਼ੀਸਦੀ ਦਾ ਵਾਧਾ ਹੋਇਆ ਹੈ, ਜਦ ਕਿ ਕੋਟਕ ਮਹਿੰਦਰਾ ਬੈਂਕ ਖਰਚੇ ਵਿੱਚ 15 ਫ਼ੀਸਦੀ ਵਾਧਾ ਹੋਇਆ ਹੈ। ਇਨ੍ਹਾਂ ਤੋਂ ਇਲਾਵਾ ਹੋਰ ਬੈਂਕਾਂ ਦੇ ਕ੍ਰੈਡਿਟ ਖਰਚੇ ਵਿੱਚ 4-9 ਫੀਸਦੀ ਦਾ ਵਾਧਾ ਹੋਇਆ ਹੈ। ਅਮਰੀਕਨ ਐਕਸਪ੍ਰੈਸ ਦੇ ਕ੍ਰੈਡਿਟ ਕਾਰਡ ਖਰਚੇ ਵਿੱਚ ਦੋ ਫੀਸਦੀ ਦਾ ਨੁਕਸਾਨ ਦੇਖਿਆ ਗਿਆ ਹੈ।

# ਪਾਕਿਸਤਾਨ ਤੋਂ ਮੁੜੀ ਗੂੰਗੀ ਬੋਲ਼ੀ ਗੀਤਾ ਨੂੰ ਆਪਣਾ ਪਰਿਵਾਰ ਮਿਲਿਆ

ਭੋਪਾਲ, 29 ਜੂਨ (ਪੋਸਟ ਬਿਊਰੋ)- ਘਰ ਛੱਡ ਕੇ ਗਲਤੀ ਨਾਲ ਪਾਕਿਸਤਾਨ ਪਹੁੰਚੀ ਅਤੇ ਫਿਰ ਸਾਲ 2015 ਵਿੱਚ ਵਾਪਸ ਭਾਰਤ ਆਈ ਗੀਤਾ ਨੂੰ ਉਸ ਦਾ ਪਰਵਾਰ ਮਿਲ ਗਿਆ ਹੈ।



ਗੀਤਾ ਮੂਲ ਮਹਾਰਾਸ਼ਟਰ ਦੇ ਪਰਭਣੀ ਦੀਵਸਨੀਕ ਹੈ। ਉਸ ਦਾ ਮੂਲ ਨਾਂਅ ਰਾਧਾ ਵਾਘਮਾਰੇ ਹੈ। ਗੀਤਾ ਨੂੰ ਉਸ ਦਾ ਪਰਵਾਰ ਮਾਰਚ 2021 ਵਿੱਚ ਪਰਭਣੀ ਵਿੱਚ ਹੀ ਮਿਲ ਗਿਆ ਸੀ ਅਤੇ ਓਦੋਂ ਤੋਂ ਉਹ ਉਨ੍ਹਾਂ ਦੇ ਨਾਲ ਹੀ ਰਹਿ ਰਹੀ ਹੈ। ਓਦੋਂ ਕੋਰੋਨਾ ਕਾਰਨ ਪੂਰਾ ਪਰਵਾਰ ਕਿਸੇ ਜਨਤਕ ਪ੍ਰੋਗਰਾਮ ਵਿੱਚ ਸਾਹਮਣੇ ਨਹੀਂ ਆ ਸਕਿਆ ਸੀ। ਪਰਵਾਰ ਨਾਲ ਮਿਲਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀ ਰੇਲਵੇ ਅਧਿਕਾਰੀਆਂ ਦਾ ਧੰਨਵਾਦ ਕਰਨ ਗੀਤਾ ਉਰਫ ਰਾਧਾ ਕੱਲ੍ਹ ਭੋਪਾਲ ਦੇ ਰੇਲਵੇ ਪੁਲਸ ਹੈਡਕੁਆਟਰ ਗਈ।ਮੀਨਾ ਪੰਡਾਰੇ ਨੇ ਦੱਸਿਆ ਕਿ 1999 ਵਿੱਚ ਅੱਠ ਸਾਲ ਦੀ ਰਾਧਾ (ਗੀਤਾ) ਘਰ ਤੋਂ ਭਟਕ ਕੇ ਨੇੜੇ ਰੇਲਵੇ ਸਟੇਸ਼ਨ ਜਾ ਪਹੁੰਚੀ ਅਤੇ ਸਚਖੰਡ ਐਕਸਪ੍ਰੈਸ ਵਿੱਚ ਬੈਠ ਕੇ ਅੰਮ੍ਰਿਤਸਰ ਪਹੁੰਚ ਗਈਸੀ। ਸਟੇਸ਼ਨ ਉੱਤੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲਣ ਵਾਲੀ ਸਮਝੌਤਾ ਐਕਸਪ੍ਰੈਸ ਵਿੱਚ ਬੈਠ ਗਈ। ਇਸ ਤਰ੍ਹਾਂ ਉਹ ਪਾਕਿਸਤਾਨ ਪਹੁੰਚ ਗਈ।ਪਾਕਿਸਤਾਨ ਵਿੱਚ ਪੁਲਸ ਨੂੰ ਗੀਤਾ ਲਾਵਾਰਸ ਹਾਲਤ ਵਿੱਚ ਮਿਲੀ ਸੀ। ਸਮਾਜਕ ਸੰਸਥਾ ਈਧੀ ਫਾਊਂਡੇਸ਼ਨ ਨੇ ਗੀਤਾ ਨੂੰ ਰੱਖਿਆ ਅਤੇ ਪਰਵਾਰ ਨੂੰ ਲੱਭਣ ਦੀ ਮੁਹਿੰਮ ਸ਼ੁਰੂ ਕੀਤੀ। ਭਾਰਤ ਦੀ ਓਦੋਂ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੀ ਪਹਿਲ ਉੱਤੇ 2015 ਵਿੱਚ ਗੀਤਾ ਨੂੰ ਦੇਸ਼ ਲਿਆਂਦਾ ਗਿਆ। ਗੀਤਾ ਕੁਝ ਸਾਲਾਂ ਤਕ ਇੰਦੌਰ ਵਿੱਚ ਮੂਕ-ਬਧਿਰ ਸੰਗਠਨ ਵਿੱਚ ਰਹੀ। ਜੂਨ 2020 ਵਿੱਚ ਉਹ ਆਨੰਦ ਸਰਵਿਸ ਸੋਸਾਇਟੀ ਵਿੱਚ ਰਹਿਣ ਲੱਗੀ। ਇਸਦੇ ਸੰਚਾਲਕ ਗਿਆਨੇਂਦਰ ਪੁਰੋਹਿ-ਤ ਨੇ ਉਸ ਦੇ ਪਰਵਾਰ ਨੂੰ ਲੱਭਣ ਦੀ ਕੋਸ਼ਿਸ਼ ਕੀਤੀ।

ਗੀਤਾ ਨਾਲ ਇਸ਼ਾਰਿਆਂ ਵਿੱਚ ਗੱਲਬਾਤ ਵਿੱਚ ਉਨ੍ਹਾਂ ਦੇ ਘਰ ਦੇ ਨੇੜੇ ਇੱਕ ਰੇਲਵੇ ਸਟੇਸ਼ਨ ਅਤੇ ਹਸਪਤਾਲ ਦੇ ਹੋਣ ਦਾ ਪਤਾ ਲੱਗਾ ਤਾਂ ਅਜਿਹੇ ਸ਼ਹਿਰ ਲੱਭੇ ਗਏ, ਜਿੱਥੇ ਰੇਲਵੇ ਸਟੇਸ਼ਨ ਅਤੇ ਹਸਪਤਾਲ ਨਜ਼ਦੀਕ ਹੋਣ। ਮਹਾਰਾਸ਼ਟਰ ਦੇ ਪਰਭਣੀ ਵਿੱਚ ਇਹੀ ਸਥਿਤੀ ਮਿਲੀ। ਓਥੇ ਬਸਤੀਆਂ ਵਿੱਚ ਗਾਇਬ ਬੱਚਿਆਂ ਦੇ ਬਾਰੇ ਪਤਾ ਕੀਤਾ। ਇੱਕ ਵਿਅਕਤੀ ਨੇ ਰਾਧਾ ਦੇ ਗੁੰਮ ਹੋਣ ਬਾਰੇ ਦੱਸਿਆ। ਮਾਂ ਮੀਨਾ ਨਾਲ ਸੰਪਰਕ ਹੋਇਆ ਤਾਂ ਉਨ੍ਹਾਂ ਨੇ ਦੱਸਿਆ ਕਿ ਗੀਤਾ ਦੇ ਪੇਟ ਉੱਤੇ ਜਨਮ ਤੋਂ ਇੱਕ ਨਿਸ਼ਾਨ ਹੈ। ਮਿਲਾਨ ਹੋਣ ਦੇ ਬਾਅਦ ਗੀਤਾ ਨੂੰ ਮਾਂ ਨਾਲ ਮਿਲਵਾਇਆ ਗਿਆ ਅਤੇ ਡੀ ਐਨ ਏ ਵਿੱਚ ਵੀ ਗੀਤਾ ਦੇ ਮੀਨਾ ਦੀ ਬੇਟੀ ਹੋਣ ਦੀ ਪੁਸ਼ਟੀ ਹੋ ਗਈ।

# ਈ ਡੀ ਨੇ ਸੰਜੇ ਰਾਊਤ ਨੂੰ ਮਨੀ ਲਾਂਡਰਿੰਗ ਕੇਸ ਵਿੱਚ ਪੁੱਛਗਿੱਛ ਲਈ 1 ਜੁਲਾਈ ਨੂੰ ਪੇਸ਼ ਹੋਣ ਨੂੰ ਕਿਹਾ



ਮੁੰਬਈ, 29 ਜੂਨ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਨੂੰ ਮੁੰਬਈ ਵਿੱਚ ਇੱਕ 'ਚਾਲ' (ਬਸਤੀ) ਦੇ ਪੁਨਰ ਵਿਕਾਸ ਅਤੇ ਉਸ ਦੀ ਪਤਨੀ ਅਤੇ ਦੋਸਤਾਂ ਨਾਲ ਜੁੜੇ ਹੋਰ ਵਿੱਤੀ ਲੈਣ-ਦੇਣ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਵਿੱਚ ਪੁੱਛਗਿੱਛ ਲਈ ਨਵਾਂ ਨੋਟਿਸ ਜਾਰੀ ਕੀਤਾ ਤੇ ਕੱਲ੍ਹ ਏਜੰਸੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ।ਇਸ ਤੋਂ ਪਹਿਲਾਂ ਇਸ ਕੇਂਦਰੀ ਏਜੰਸੀ ਨੇ ਰਾਜ ਸਭਾ ਦੇ ਮੈਂਬਰ ਸੰਜੇ ਰਾਉਤ ਨੂੰ ਕੱਲ੍ਹ ਦੱਖਣੀ ਮੁੰਬਈ ਵਿੱਚ ਕੇਂਦਰੀ ਜਾਂਚ ਏਜੰਸੀ ਦੇ ਦਫ਼ਤਰ ਵਿੱਚ ਆਪਣੇ ਅਧਿਕਾਰੀਆਂ ਅੱਗੇ ਪੇਸ਼ ਤੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐਮ ਐਲ ਏ) ਦੇ ਤਹਿਤ ਆਪਣਾ ਬਿਆਨ ਦਰਜ ਕਰਾਉਣ ਲਈ ਕਿਹਾ ਸੀ।

ਸੰਜੇ ਰਾਉਤ ਨੇ ਕੱਲ੍ਹ ਏਜੰਸੀ ਦੇ ਸਾਹਮਣੇ ਪੇਸ਼ ਹੋਣ ਤੋਂ ਅਸਮਰੱਥਾ ਜਾਹਰ ਕੀਤੀ ਅਤੇ ਈ ਡੀ ਨੂੰ ਪੇਸ਼ ਹੋਣ ਦੇ ਲਈ ਨਵੀਂ ਤਰੀਕ ਦੇਣ ਲਈ ਕਿਹਾ ਸੀ। ਉਨ੍ਹਾਂ ਨੇ ਇਸ ਲਈ ਸਰਕਾਰੀ ਵਚਨਬੱਧਤਾਵਾਂ ਅਤੇ ਅਲੀਬਾਗ ਵਿੱਚ ਇੱਕ ਜਨਤਕ ਮੀਟਿੰਗ ਵਿੱਚ ਜਾਣ ਦਾ ਹਵਾਲਾ ਦਿੱਤਾ ਸੀ। ਉਸ ਦੇ ਵਕੀਲਾਂ ਨੇ ਕੱਲ੍ਹ ਮੁੰਬਈ ਵਿੱਚ ਈ ਡੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਪੇਸ਼ੀ ਲਈ 14 ਦਿਨਾਂ ਦਾ ਸਮਾਂ ਮੰਗਿ-ਆ, ਪਰ ਏਜੰਸੀ ਨੇ ਉਸ ਨੂੰ ਇਸ ਮਹੀਨੇ ਦੇ ਅੰਤ ਤਕ ਰਾਹਤ ਦੇ ਦਿੱਤੀ। ਰਾਉਤ ਨੇ ਕੱਲ੍ਹ ਈ ਡੀ ਦੇ ਸੰਮਨ ਨੂੰ ਸਾਜ਼ਿਸ਼ ਕਰਾਰ ਦਿੱਤਾ ਸੀ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ ਸੀ। ਉਨ੍ਹਾਂ ਨੇ ਅਧਿਕਾਰੀਆਂ ਨਾਲ ਸਹਿਯੋਗ ਕਰਨ ਦੀ ਗੱਲ ਵੀ ਕੀਤੀ ਸੀ।

# ਪਾਕਿਸਤਾਨ ਇਸਲਾਮ ਦੇ ਨਾਂਅ ਉਤੇ ਅੱਤਵਾਦ ਨੂੰ ਅੱਗੇ ਵਧਾ ਰਿਹੈ

## * ਲੇਖਕ ਪੱਤਰਕਾਰ ਆਰਿਫ ਜਮਾਲ ਨੇ ਸੱਚ ਸਾਹਮਣੇ ਲਿਆਂਦਾ

ਇਸਲਾਮਾਬਾਦ, 29 ਜੂਨ (ਪੋਸਟ ਬਿਊਰੋ)- ਲੇਖਕ ਅਤੇ ਸਿਆਸੀ ਟਿੱਪਣੀਕਾਰ ਆਰਿਫ ਜਮਾਲ ਨੇ ਸਾਫ ਕਿਹਾ ਹੈ ਕਿ ਅੱਤਵਾਦ ਤੇ ਵੱਖਵਾਦ ਦੇ ਸਹਾਰੇ ਪਾਕਿਸਤਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ।



ਜਮਾਲ ਨੇ ਮੁਸਤਫਾ ਅਖਵਾਨ ਅਤੇ ਸੇਂਗੇ ਸੇਰਿੰਗ ਦੀ ਮੇਜ਼ਬਾਨੀ ਵਿੱਚ ਮਨੁੱਖੀ ਅਧਿਕਾਰ ਰਾਖੇ ਪੋਡਕਾਸਟ ਸ਼ੋਅ ਵਿੱਚ ਇਹ ਟਿੱਪਣੀ ਕੀਤੀ। ਪਾਕਿਸਤਾਨ ਦੇ ਪੰਜਾਬ ਸੂਬੇ ਤੋਂ ਆਉਂਦੇ ਜਮਾਲ ਇੱਕ ਪੱਤਰਕਾਰ ਤੇ ਸਿਆਸੀ ਟਿੱਪਣੀਕਾਰ ਹਨ ਤੇ ਕਈ ਕਿਤਾਬਾਂ ਲਿਖ ਚੁੱਕੇ ਹਨ। ਇੱਕ ਮੇਜ਼ਬਾਨ ਵੱਲੋਂ ਕਸ਼ਮੀਰ ਵਿੱਚ ਘੁਸਪੈਠ ਉੱਤੇ ਕੇਂਦਰਤ ਪਾਕਿਸਤਾਨ ਦੇ ਰਣਨੀਤਕ ਖੇਡ ਨਾਲ ਜੁੜੇ ਸਵਾਲ ਦੇ ਜਵਾਬ ਵਿੱਚ ਜਮਾਲ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦਾ ਦਮਨ ਵੱਖਵਾਦ ਅਤੇ ਅੱਤਵਾਦ ਨਾਲ ਜੁੜਿਆ ਹੈ। ਅਕਸਰ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ, ਕਿਉਂਕਿ ਪਾਕਿਸਤਾਨ ਇਸਲਾਮ ਤੇ ਇਸਲਾਮ ਦੀ ਸੇਵਾ ਦੇ ਨਾਂਅ ਉੱਤੇ ਇਨ੍ਹਾਂ ਨੂੰ ਅੱਗੇ ਵਧਾਉਣ ਦਾ ਯਤਨ ਕਰਦਾ ਹੈ।

ਜਮਾਲ ਨੇ ਕਿਹਾ ਕਿ ਪਾਕਿ-ਸਤਾਨ ਵਿੱਚ ਧਾਰਮਿਕ ਵਾਇਰਸ ਬਹੁਤ ਹੀ ਤੇਜ਼ੀ ਨਾਲ ਵਧਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਮੀਡੀਆ ਕਸ਼ਮੀਰ ਲਈ ਅਹਿਮ ਮੁੱਦਿਆਂਦੇ ਲਈ ਆਪਣੀਆਂ ਅੱਖਾਂ ਬੰਦ ਰੱਖਦਾ ਹੈ। ਉਨ੍ਹਾਂ ਕਿਹਾ ਕਿ ਮੈਂ ਵੇਖਿਆ ਕੀਤਾ ਹੈ ਕਿ ਕੋਈ ਵੀ ਪਾਕਿਸਤਾਨੀ ਮੀਡੀਆ ਇਨ੍ਹਾਂ ਵਿਸ਼ਿਆਂ ਉੱਤੇ ਚਰਚਾ ਕਰਨਾ ਨਹੀਂ ਚਾਹੁੰਦਾ ਤੇ ਮੇਰੇ ਲੇਖ ਨੂੰ ਉਸ ਤਰ੍ਹਾਂ ਨਹੀਂ ਛਾਪਦਾ, ਜਿਵੇਂ ਮੈਂ ਉਨ੍ਹਾਂ ਤੋਂ ਛਪਵਾਉਣਾ ਚਾਹੁੰਦਾ ਹਾਂ। ਜਮਾਲ ਨੇ ਕਿਹਾ ਕਿ ਇਸੇ ਗੱਲ ਨੇ ਉਨ੍ਹਾਂ ਨੂੰ ਖੋਜ ਪੂਰਨ ਲੇਖ ਲਿਖਣ ਅਤੇ ਦੂਜਿਆਂ ਸਾਹਮਣੇ ਪਾਕਿਸਤਾਨ ਦੀ ਸੱਚਾਈ ਪੇਸ਼ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਮੈਂ ਮਹਿਸੂਸ ਕੀਤਾ ਕਿ ਮੈਨੂੰ ਇਸ ਵਿਸ਼ੇ ਉੱਤੇ ਡੂੰਘੀ ਖੋਜ ਕਰਨੀ ਚਾਹੀਦੀ ਹੈ। ਮੈਂ ਆਪਣੇ ਨਤੀਜੇ ਛਪਵਾਏ ਜਿਵੇਂ ਉਹ (ਪਾਕਿ ਮੀਡੀਆ) ਇਸ ਨੂੰ ਛਾਪ ਸਕਦੇ ਸਨ। ਉਨ੍ਹਾਂ ਦੀਆਂ ਦੋ ਕਿਤਾਬਾਂ 'ਲੁਕਵੀਂ ਜੰਗ-ਕਸ਼ਮੀਰ ਵਿੱਚ ਜੇਹਾਦ ਦੀ ਅਣਕਹੀ ਕਹਾਣੀ' ਤੇ 'ਕੌਮਾਂਤਰੀ ਜੇਹਾਦ ਦਾ ਆਗਮਨ-ਪਾਕਿਸਤਾਨੀ ਲਸ਼ਕਰ-ਏ-ਤਾਇਬਾ' ਨੂੰ ਆਲਮੀ ਪੱਧਰ ਉੱਤੇ ਪਛਾਣ ਮਿਲੀ ਹੈ ਅਤੇ ਉਨ੍ਹਾ ਨੂੰ ਬੇਬਾਕੀ ਨਾਲ ਗੱਲ ਕਹਿਣ ਲਈ ਜਾਣਿਆ ਜਾਂਦਾ ਹੈ।




# ਬ੍ਰਿਟੇਨ ਵਿੱਚ ਨੀਰਵ ਮੋਦੀ ਦੀ ਭਾਰਤ ਹਵਾਲਗੀ ਖਿਲਾਫ ਪਟੀਸ਼ਨ ਉਤੇ ਸੁਣਵਾਈ ਸ਼ੁਰੂ

ਲੰਡਨ, 29 ਜੂਨ (ਪੋਸਟ ਬਿਊਰੋ)- ਬ੍ਰਿਟੇਨ ਦੀ ਇੱਕ ਅਦਾਲਤ ਨੇ ਕੱਲ੍ਹ ਨੀਰਵ ਮੋਦੀ ਦੀ ਭਾਰਤ ਨੂੰ ਹਵਾਲਗੀ ਖਿਲਾਫ ਪਟੀਸ਼ਨ ਉੱਤੇ ਸੁਣਵਾਈ ਸ਼ੁਰੂ ਕੀਤੀ ਹੈ। ਨੀਰਵ ਮੋਦੀ ਪੰਜਾਬ ਨੈਸ਼ਨਲਬੈਂਕ ਕਰਜ਼ਾ ਘੋਟਾਲਾ ਮਾਮਲੇ ਵਿੱਚ ਲਗਭਗ ਦੋ ਅਰਬ ਡਾਲਰ ਦੇ ਮਨੀ ਲਾਂਡਰਿੰਗ ਅਤੇ ਧੋਖਾਧੜੀ ਦੇ ਦੋਸ਼ਾਂ ਹੇਠ ਭਾਰਤ ਨੂੰ ਲੋੜੀਂਦਾ ਹੈ।



ਹੀਰਾ ਕਾਰੋਬਾਰੀ ਨੀਰਵ ਮੋਦੀ (51) ਨੇ ਆਪਣੀ ਹਵਾਲਗੀ ਦੇ ਹੁਕਮ ਖਿਲਾਫ ਪਿਛਲੇ ਸਾਲ ਮਾਨਸਿਕ ਸਿਹਤ ਦੇ ਆਧਾਰ ਉੱਤੇ ਅਪੀਲ ਕੀਤੀ ਸੀ। ਜਸਟਿਸ ਜੈਰੇਮੀ ਸਟੂਅਰਟ-ਸਮਿਥ ਅਤੇ ਜਸਟਿਸ ਰੌਬਰਟ ਜੇਅ ਨੇ ਬੀਤੇ ਦਸੰਬਰ ਵਿੱਚ ਹਾਈ ਕੋਰਟ ਵਿੱਚ ਮੁੱਢਲੀ ਸੁਣਵਾਈ ਕੀਤੀ ਸੀ। ਓਦੋਂ ਸੁਣਵਾਈ ਵਿੱਚ ਵਿਚਾਰ ਹੋਇਆ ਸੀ ਕਿ ਕੀ ਹੀਰਾ ਵਪਾਰੀ ਦੇ 'ਖੁਦਕੁਸ਼ੀ ਦੇ ਖਤਰੇ' ਨੂੰ ਦੇਖ ਕੇ ਹਵਾਲਗੀ ਬਾਰੇ ਜ਼ਿਲ੍ਹਾ ਮੈਜਿਸਟਰੇਟ ਸੈਮ ਗੂਜੀ ਦੀ ਵੈਸਟੀਮਿੰਸਟਰ ਮੈਜਿਸਟਰੇਟ ਅਦਾਲਤ ਦਾ ਫਰਵਰੀ 2021 ਦਾ ਫੈਸਲਾ ਗਲਤ ਹੈ। ਇਸ ਹਫਤੇ ਸੁਣਵਾਈ ਉਸ ਅਪੀਲ ਉੱਤੇ ਸੁਣਵਾਈ ਤੋਂ ਅੱਗੇ ਹੋ ਰਹੀ ਹੈ, ਜਿਸਦਾ ਜਲਦੀ ਫੈਸਲਾ ਆ ਸਕਦਾ ਹੈ। ਜੇ ਨੀਰਵ ਮੋਦੀ ਦੀ ਅਪੀਲ ਹਾਈ ਕੋਰਟ ਨੇ ਮਨਜ਼ੂਰ ਕਰ ਲਈ ਤਾਂ ਉਸ ਦੀ ਉਦੋਂ ਤਕ ਹਵਾਲਗੀ ਨਹੀਂ ਹੋ ਸਕਦੀ, ਜਦੋਂ ਤਕ ਭਾਰਤ ਸਰਕਾਰ ਜਨਤਕ ਮਹੱਤਵ ਦੇ ਕਾਨੂੰਨੀ ਨੁਕਤੇ ਉੱਤੇ ਹਾਈ ਕੋਰਟ ਵਿੱਚ ਅਪੀਲ ਦੀ ਆਗਿਆ ਹਾਸਲ ਕਰਨ ਵਿੱਚ ਸਫਲ ਨਹੀਂ ਹੁੰਦੀ। ਦੂਜੇ ਪਾਸੇ ਜੇ ਮੋਦੀ ਦੀ ਅਪੀਲ ਰੱਦ ਹੋ ਗਈ ਤਾਂ ਉਹ ਹਾਈ ਕੋਰਟ ਦੇ ਫੈਸਲੇ ਖਿਲਾਫ 14 ਦਿਨਾਂ ਵਿੱਚ ਸੁਪਰੀਮ ਕੋਰਟ ਵਿੱਚ ਅਪੀਲ ਕਰ ਸਕਦਾ ਹੈ। ਇਸ ਕੇਸ ਨਾਲ ਸਬੰਧਤ ਅਧਿਕਾਰੀਆਂ ਮੁਤਾਬਕ ਭਾਰਤ ਸਰਕਾਰ ਨੇ ਉਨ੍ਹਾਂ ਹਾਲਤਾਂ ਦਾ ਭਰੋਸਾ ਦਿੱਤਾ ਹੈ ਜਿਨ੍ਹਾਂ ਵਿੱਚ ਨੀਰਵ ਮੋਦੀ ਨੂੰ ਭਾਰਤ ਵਿੱਚ ਆਤਮਸਮਰਪਣ ਕਰਨ ਉੱਤੇ ਹਿਰਾਸਤ ਵਿੱਚ ਲਿਆ ਜਾਵੇਗਾ ਅਤੇ ਉਸ ਦੀ 'ਸਰੀਰਕ ਅਤੇ ਮਾਨਸਿਕ ਸਿਹਤ' ਦੀ ਦੇਖਭਾਲ ਲਈ ਕੀ ਸਹੂਲਤਾਂ ਹੋਣਗੀਆਂ। ਦੋਵੇਂ ਧਿਰਾਂ ਇਸ ਬਾਰੇ ਦਲੀਲਾਂ ਦੇਣਗੀਆਂ ਕਿ ਕੀ ਇਹ ਭਰੋਸਾ ਢੁੱਕਵਾਂ ਹੈ ਤੇ ਇਸ ਨੂੰ ਮੰਨਿਆ ਜਾ ਸਕਦਾ ਹੈ।

# ਰਾਜ ਸਭਾ ਦੇ 31 ਫ਼ੀਸਦੀ ਮੈਂਬਰਾਂ ਵਿਰੁੱਧ ਅਪਰਾਧਕ ਕੇਸ ਦਰਜ

ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਦੇ ਮੌਜੂਦਾ ਮੈਂਬਰਾਂ ਵਿੱਚੋਂ 31 ਫ਼ੀਸਦੀ ਉੱਤੇ ਅਪਰਾਧਕ ਕੇਸ ਦਰਜ ਹਨ, ਜਦਕਿ ਇਸ ਸਦਨ ਦੇ ਮੈਂਬਰਾਂ ਦੀ ਔਸਤ ਜਾਇਦਾਦ 79.54 ਕਰੋੜ ਰੁਪਏ ਹੈ। ਚੋਣ ਸੁਧਾਰ ਲਈ ਕੰਮ ਕਰਦੀ ਸੰਸਥਾ ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫ਼ਾਰਮਜ਼ (ਏ ਡੀ ਆਰ)- ਨੈਸ਼ਨਲ ਇਲੈਕਸ਼ਨ ਵਾਚ ਦੀ ਤਾਜ਼ਾ ਰਿਪੋਰਟ ਵਿੱਚ ਇਹ ਜਾਣਕਾਰੀ ਪਤਾ ਲੱਗੀ ਹੈ। ਏ ਡੀ ਆਰ ਅਤੇ ਨੈਸ਼ਨਲ ਇਲੈਕਸ਼ਨ ਵਾਚ ਨੇ ਮੌਜੂਦਾ 233 ਰਾਜ ਸਭਾ ਮੈਂਬਰਾਂ ਵਿੱਚੋਂ 226 ਵਿਰੁੱਧ ਦਰਜ ਅਪਰਾਧਕ ਕੇਸਾਂ ਅਤੇ ਉਨ੍ਹਾਂ ਦੀ ਵਿੱਤੀ ਅਤੇ ਹੋਰ ਜਾਣਕਾਰੀਆਂ ਦੀ ਸਮੀਖਿਆ ਕਰਨ ਪਿੱਛੋਂ ਇਹ ਰਿਪੋਰਟ ਬਣਾਈ ਹੈ। ਇਸ ਵੇਲੇ ਰਾਜ ਸਭਾ ਵਿੱਚ ਇੱਕ ਸੀਟ ਖ਼ਾਲੀ ਹੈ। ਦੋ ਮੈਂਬਰਾਂ ਦੀ ਜਾਣਕਾਰੀ ਦੀ ਜਾਂਚ ਨਹੀਂ ਕੀਤੀ ਜਾ ਸਕੀ, ਕਿਉਂਕਿ ਉਨ੍ਹਾਂ ਦੇ ਐਫੀਡੇਵਿਟ ਨਹੀਂ ਮਿਲ ਅਤੇ ਜੰਮੂ-ਕਸ਼ਮੀਰ ਦੀਆਂ ਚਾਰ ਰਾਜ ਸਭਾ ਸੀਟਾਂ ਅਜੇ ਪ੍ਰੀਭਾਸ਼ਤ ਨਹੀਂ ਹਨ।



ਰਿਪੋਰਟ ਮੁਤਾਬਕ ਰਾਜ ਸਭਾ ਦੇ 226 ਮੈਂਬਰਾਂ ਵਿੱਚੋਂ 197 ਭਾਵ 87 ਫ਼ੀਸਦੀ ਕਰੋੜਪਤੀ ਹਨ ਅਤੇ ਰਾਜ ਸਭਾ ਮੈਂਬਰਾਂ ਦੀ ਔਸਤ ਜਾਇਦਾਦ 79.54 ਕਰੋੜ ਰੁਪਏ ਹੈ। ਇਸ ਮੁਤਾ-ਬਕ 226 ਮੈਂਬਰਾਂ ਵਿੱਚੋਂ 71 ਜਾਂ 31 ਫ਼ੀਸਦੀ ਨੇ ਆਪਣੇ ਐਫੀਡੇਵਿਟ ਵਿੱਚ ਆਪਣੇ ਖ਼ਿਲਾਫ਼ ਅਪਰਾਧਕ ਕੇਸਾਂ ਦਾ ਐਲਾਨ ਕੀਤਾ ਹੈਅਤੇ 37 ਜਾਂ 16 ਫ਼ੀਸਦੀ ਨੇ ਗੰਭੀਰ ਅਪਰਾਧਿਕ ਕੇਸ ਹੋਣ ਦੀ ਪੁਸ਼ਟੀ ਕੀਤੀ ਹੈ। ਰਿਪੋਰਟ ਮੁਤਾਬਕ ਰਾਜ ਸਭਾ ਦੇ ਦੋ ਮੈਂਬਰਾਂ ਉੱਤੇ ਧਾਰਾ 302 ਹੇਠ ਕਤਲ ਦੇ ਕੇਸ ਹਨ, ਜਦਕਿ ਚਾਰ ਮੈਂਬਰਾਂ ਕਤਲ ਦੀ ਕੋਸ਼ਿਸ਼ ਦਾ ਕੇਸ ਹੈ। ਇਸਰਿਪੋਰਟ ਮੁਤਾਬਕ ਭਾਜਪਾ ਨੂੰ 85 ਵਿੱਚੋਂ 20 ਯਾਨੀ 24 ਫ਼ੀਸਦੀ, ਕਾਂਗਰਸ ਦੇ 31 ਵਿੱਚੋਂ 12 ਯਾਨੀ 39 ਫ਼ੀਸਦੀ, ਤ੍ਰਿਣਮੂਲ ਕਾਂਗਰਸ ਦੇ 13 ਵਿੱਚੋਂ ਤਿੰਨ ਯਾਨੀ 23 ਫ਼ੀਸਦੀ, ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਦੇ ਛੇ ਵਿੱਚੋਂ ਪੰਜ ਯਾਨੀ 83 ਫ਼ੀਸਦੀ, ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ ਪੀ ਆਈ-ਐਮ) ਦੇ ਪੰਜ ਵਿੱਚੋਂ ਚਾਰ ਭਾਵ 80 ਫ਼ੀਸਦੀ, ਆਮ ਆਦਮੀ ਪਾਰਟੀ (ਆਪ) ਦੇ 10 ਵਿੱਚੋਂ ਤਿੰਨ ਭਾਵ 30 ਫ਼ੀਸਦੀ, ਵਾਈ ਐਸ ਆਰ ਕਾਂਗਰਸ ਦੇ ਨੌਂ ਵਿੱਚੋਂ ਤਿੰਨ ਭਾਵ 33 ਫ਼ੀਸਦੀ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਚਾਰ ਵਿੱਚੋ2 ਦੋ ਯਾਨੀ 50 ਫ਼ੀਸਦੀ ਨੇ ਆਪਣੇ ਐਫੀਡੇਵਿਟ ਵਿੱਚ ਅਪਰਾਧਕ ਕੇਸ ਹੋਣ ਦਾ ਐਲਾਨ ਕੀਤਾ ਹੈ। ਸਟੇਟ ਵਾਈਜ਼ ਅੰਕੜੇ ਦੱਸਦੇ ਹਨ ਕਿ ਰਾਜ ਸਭਾ ਵਿੱਚ ਉਤਰ ਪ੍ਰਦੇਸ਼ ਦੇ 31 ਵਿੱਚੋਂ ਸੱਤ ਯਾਨੀ 23 ਫ਼ੀਸਦੀ, ਮਹਾਰਾਸ਼ਟਰ ਦੇ 19 ਵਿੱਚੋਂ 12 ਯਾਨੀ 63 ਫ਼ੀਸਦੀ, ਤਾਮਿਲਨਾਡੂ ਦੇ 18 ਵਿੱਚੋਂ 6 ਯਾਨੀ 33 ਫ਼ੀਸਦੀ, ਪੱਛਮੀ ਬੰਗਾਲ ਦੇ 16 ਵਿੱਚੋਂ 3 ਯਾਨੀ 19 ਫ਼ੀਸਦੀ, ਕੇਰਲ ਦੇ ਨੌਂ ਵਿੱਚੋਂ ਛੇ ਯਾਨੀ 67 ਫ਼ੀਸਦੀ ਅਤੇ ਬਿਹਾਰ ਦੇ 16 ਵਿੱਚੋਂ 10 ਯਾਨੀ 63 ਫ਼ੀਸਦੀ ਨੇ ਆਪੋ-ਆਪਣੇ ਐਫੀਡੇਵਿਟ ਵਿੱਚ ਆਪਣੇ ਖ਼ਿਲਾਫ਼ ਅਪਰਾਧਿਕ ਕੇਸਾਂ ਦਾ ਐਲਾਨ ਕੀਤਾ ਹੈ।

# ਮੁੰਬਈ ਵਿੱਚ ਚਾਰ ਮੰਜ਼ਿਲਾ ਇਮਾਰਤ ਡਿੱਗੀ, 11 ਮੌਤਾਂ

ਮੁੰਬਈ, 29 ਜੂਨ (ਪੋਸਟ ਬਿਊਰੋ)- ਮੁੰਬਈ ਵਿੱਚ ਕੱਲ੍ਹ ਰਾਤ ਚਾਰ ਮੰਜ਼ਿਲਾ ਰਿਹਾਇਸ਼ੀ ਇਮਾਰਤ ਢਹਿਣ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 11 ਹੋ ਗਈ ਹੈ, ਜਦਕਿ 13 ਹੋਰ ਲੋਕ ਜ਼ਖ਼ਮੀ ਹੋ ਗਏ ਹਨ। ਮਹਾਰਾਸ਼ਟਰ ਸਰਕਾਰ ਦੇ ਮੰਤਰੀ ਸੁਭਾਸ਼ ਦੇਸਾਈ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 5-5 ਲੱਖ ਰੁਪਏ ਮੁਆਵਜ਼ੇ ਦਾ ਐਲਾਨ ਕੀਤਾ ਹੈ। ਬ੍ਰਿਹਨਮੁੰਬਈ ਮਿਉਂਸਪਲ ਕਾਰਪੋਰੇਸ਼ਨ (ਬੀ ਐਮ ਸੀ) ਦੇ ਇੱਕ ਅਧਿਕਾਰੀਮੁਤਾਬਕ ਕੁਰਲਾ ਨਗਰ ਸੋਸਾਈਟੀਦੀ ਇੱਕ ਰਿਹਾਇਸ਼ੀ ਇਮ-ਾਰਤ ਦਾ ਇੱਕ 'ਵਿੰਗ' ਕੱਲ੍ਹ ਰਾਤ ਢਹਿ ਜਾਣ ਕਾਰਨ ਕਈ ਲੋਕ ਮਲਬੇ ਹੇਠਾਂ ਦੱਬੇ ਗਏ। ਇੱਕ ਅਧਿਕਾਰੀ ਨੇ ਦੱਸਿਆ ਕਿ ਅੱਧੀ ਰਾਤ ਤੋਂ 23 ਲੋਕਾਂ ਨੂੰ ਮਲਬੇਤੋਂ ਕੱਢਿਆ ਅਤੇ ਜ਼ਖ਼ਮੀਆਂ ਨੂੰ ਘਾਟਕੋਪਰ ਅਤੇ ਸਾਇਨ ਦੇ ਸਰਕਾਰੀ ਹਸਪਤਾਲਾਂ ਵਿੱਚ ਦਾਖ਼ਲ ਕਰਾਇਆ ਹੈ। ਬੀ ਐਮ ਸੀ ਦੇ ਕਮਿਸ਼ਨਰ ਇਕਬਾਲ ਸਿੰਘ ਚਾਹਲ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਮੁਤਾਬਕ ਇਮਾਰਤ ਦੇ ਮਲਬੇ ਹੇਠਾਂ ਸਿਰਫ਼ 7-8 ਲੋਕ ਫਸੇ ਹਨ, ਪਰ ਪੁਲਸ ਨੂੰ ਸ਼ੱਕ ਹੈ ਕਿ ਮਲਬੇ ਹੇਠਾਂ ਹੋਰ ਲੋਕ ਵੀ ਹੋ ਸਕਦੇ ਹਨ। ਅਧਿਕਾਰੀ ਨੇ ਨੈਸ਼ਨਲ ਡਿਜਾਸਟਰ ਰਿਸਪਾਂਸ ਫੋਰਸ (ਐਨ ਡੀ ਆਰ ਐਫ) ਬਾਰੇ ਕਿਹਾ ਕਿ ਮੈਂ ਅੱਗ ਬੁਝਾਊ ਵਿਭਾਗ ਅਤੇ ਐਨ ਡੀ ਆਰ ਐਫ਼ ਨੂੰ ਸਾਵਧਾਨੀ ਨਾਲ (ਖੋਜ ਅਤੇ ਬਚਾਅ) ਮੁਹਿੰਮ ਚਲਾਉਣ ਨੂੰ ਕਿਹਾ ਹੈ ਕਿਉਂਕਿ ਮਲਬੇ ਹੇਠਾਂ ਕੁਝ ਹੋਰ ਲੋਕ ਜ਼ਿੰਦਾ ਹੋ ਸਕਦੇ ਹਨ। ਐਨ ਡੀ ਆਰ ਐਫ਼ ਦੀ ਇੱਕ ਟੀਮ ਨੇ ਮਲਬੇ ਵਿੱਚ ਫਸੀ ਇੱਕ ਮਹਿਲਾ ਨੂੰ ਜ਼ਿੰਦਾ ਬਾਹਰ ਕੱਢਿਆ ਵੀ ਹੈ।



# ਥਾਣੇ ਵਿੱਚੋਂ 35 ਹਜ਼ਾਰ ਇੱਟਾਂ ਦੀ ਚਾਰ ਸਾਲਾਂ ਤੋਂ ਪੇਮੈਂਟ ਨਹੀਂ ਹੋਈ

## * ਕਾਰੋਬਾਰੀ ਵੱਲੋਂ ਐਸ ਐਸ ਪੀ ਦਫਤਰ ਦੇ ਗੇਟ ਉਤੇ ਧਰਨਾ

ਨਵਾਂ ਸ਼ਹਿਰ, 29 ਜੂਨ (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ 2018 ਵਿੱਚ ਬਣੀ ਥਾਣਾ ਬਹਿਰਾਮ ਦੀ ਇਮਾਰਤ ਵਿੱਚ ਲਾਈਆਂ ਗਈਆਂ ਕਰੀਬ 35 ਹਜ਼ਾਰ ਇੱਟਾਂ ਦੀ ਪੇਮੈਂਟ ਪੁਲਸ ਵੱਲ ਬਕਾਇਆ ਦੱਸ ਕੇ ਖੰਨਾ ਵਾਸੀ ਵਿਜੇ ਕੁਮਾਰ ਕੱਲ੍ਹ ਸਵੇਰੇ ਐਸ ਐਸ ਪੀ ਦਫਤਰ ਦੇ ਗੇਟ ਉੱਤੇ ਬੋਰੀ ਵਿਛਾ ਕੇ ਬੈਠ ਗਏ।

ਇਸ ਮਾਮਲੇ ਵਿੱਚ ਆਪਣੇ ਨਾਲ ਫਾਇਨੈਂਸ਼ੀਅਲ ਧੋਖਾਧੜੀ ਹੋਣ ਦੀ ਕਹਾਣੀ ਬਿਆਨ ਕਰਨ ਲਈਉਨ੍ਹਾਂ ਨੇ ਇੱਕ ਫਲੈਕਸ ਵੀ ਗਲੇ ਵਿੱਚ ਪਾਇਆ ਹੋਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਓਦੋਂ ਥਾਣਾ ਬਹਿਰਾਮ ਦੀ ਐਸ ਐਚ ਓ ਨਰੇਸ਼ ਕੁਮਾਰੀ ਨੇ ਉਨ੍ਹਾਂ ਦੀ ਪਤਨੀ ਦੇ ਨਾਂਅ ਉੱਤੇ ਚੱਲਦੇ ਭੱਠੇ ਤੋਂ 35 ਹਜ਼ਾਰ ਇੱਟਾਂ ਮੰਗਵਾਈਆਂ ਸਨ, ਜੋ ਥਾਣਾ ਬਹਿਰਾਮ ਦੀਆਂ ਨੀਹਾਂ ਵਿੱਚ ਲੱਗੀਆਂ ਹਨ। ਇਸ ਇੱਟ ਦਾ ਕੁੱਲ ਇੱਕ ਲੱਖ ਪੈਂਹਠ ਹਜ਼ਾਰ ਰੁਪਿਆ ਅੱਜ ਵੀ ਬਕਾਇਆ ਹੈ। ਇਸ ਦੇ ਇਲਾਵਾ ਉਨ੍ਹਾਂ ਨਾਲ ਧੋਖਾਧੜੀ ਹੋਈ ਅਤੇ ਕੁਝ ਲੋਕਾਂ ਵੱਲੋਂ ਉਨ੍ਹਾਂ ਦੇ ਨਾਂਅਦਾ ਨਕਲੀ ਖਾਤਾ ਖੁੱਲ੍ਹਵਾਇਆ ਹੈ, ਜਿਸ ਦੀ ਜਾਂਚ ਕਰ ਕੇ ਪੁਲਸ ਤੋਂ ਉਨ੍ਹਾਂ ਨੂੰ ਇਨਸਾਫ ਦਿਵਾਉਣਾ ਚਾਹੀਦਾ ਹੈ। ਦਫਤਰ ਦੇ ਬਾਹਰ ਧਰਨੇ ਦੀ ਖਬਰ ਦਾ ਜਦੋਂ ਪੁਲਸ ਅਫਸਰਾਂ ਨੂੰ ਪਤਾ ਲੱਗਾ ਤਾਂ ਤਰਥੱਲੀ ਮਚ ਗਈ। ਕਾਹਲੀ ਵਿੱਚ ਪੁਲਸ ਮੁਲਾਜ਼ਮ ਉਨ੍ਹਾਂ ਨੂੰ ਐਸ ਪੀ ਸਰਬਜੀਤ ਸਿੰਘ ਬਾਹੀਆ ਕੋਲ ਲੈ ਕੇ ਗਏ, ਜਿੱਥੇ ਉਨ੍ਹਾਂ ਨੇ ਉਸ ਦੀ ਸ਼ਿਕਾਇਤ ਸੁਣੀ।

ਐਸ ਪੀ ਬਾਹੀਆ ਨੇ ਦੱਸਿਆ ਕਿ ਇਸ ਬਾਰੇ ਜਾਂਚ ਕੀਤੀ ਗਈ ਹੈ ਅਤੇ ਇਹ ਭੱਠਾ ਮਾਲਕਾਂ ਦਾ ਆਪਸੀ ਝਗੜਾ ਹੈ। ਉਨ੍ਹਾਂ ਨੇ ਪਹਿਲਾਂ ਇੱਕ ਸ਼ਿਕਾਇਤ ਕੀਤੀ ਹੋਈ ਹੈ, ਜਿਸ ਨੂੰ ਜਾਂਚ ਦੇ ਬਾਅਦ ਆਈ ਜੀ ਦਫਤਰ ਭੇਜ ਦਿੱਤਾ ਗਿਆ ਹੈ। ਐਸ ਆਈ ਨਰੇਸ਼ ਕੁਮਾਰੀ ਦੇ ਮੁਤਾਬਕ ਇਹ ਪੂਰੀ ਤਰ੍ਹਾਂ ਨਾਲ ਝੂਠਾ ਮੁੱਦਾ ਹੈ। ਉਂਝ ਵੀ ਥਾਣੇ ਦੀ ਇਮਾਰਤ ਪੁਲਸ ਹਾਊਸਿੰਗ ਕਾਰਪੋਰੇਸ਼ਨ ਬਣਾਉਂਦੀ ਹੈ, ਕੋਈ ਐਸ ਐਚ ਓ ਨਹੀਂ< ਇਹ ਭੱਠਾ ਮਾਲਕਾਂ ਦਾ ਆਪਣਾ ਝਗੜਾ ਹੈ ਤੇ ਇਸ ਮਾਮਲੇ ਵਿੱਚ ਪਹਿਲਾਂ ਵੀ ਸ਼ਿਕਾਇਤ ਹੋ ਕੇ ਫਾਈਲ ਹੋ ਚੁੱਕੀ ਹੈ।

# ਪੰਜਾਬ ਲੈਂਡ ਰਿਕਾਰਡਜ਼ ਸੁਸਾਇਟੀ ਮਾਲ ਰਿਕਾਰਡ ਦੀ ਸਾਂਭ-ਸੰਭਾਲ ਲਈ ਰਿਕਾਰਡ ਰੂਮ ਕਾਇਮ ਕਰੇ : ਡੀ ਸੀ ਰੰਧਾਵਾ

ਨਵਾਂਸ਼ਹਿਰ, 29 ਜੂਨ (ਗਿਆਨ ਸਿੰਘ ) ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਜ਼ਿਲ੍ਹਾ ਮਾਲ ਅਫ਼ਸਰਾਂ ਦੀ ਮਾਸਿਕ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੌਰਾਨ ਆਖਿਆ ਕਿ ਜ਼ਿਲ੍ਹੇ ਦੀਆਂ ਸਬ-ਡਵੀਜ਼ਨਾਂ ’ਚ ਮਾਲ ਰਿਕਾਰਡ ਦੀ ਸਾਂਭ-ਸੰਭਾਲ ਲਈ ਰਿਕਾਰਡ ਰੂਮ ਕਾਇਮ ਕਰਨ ਲਈ ਪੰਜਾਬ ਲੈਂਡ ਰਿਕਾਰਡਜ਼ ਸੁਸਾਇਟੀ ਨੂੰ ਲਿਖਿਆ ਜਾਵੇਗਾ।

ਜ਼ਿਲ੍ਹੇ ਦੇ ਮਾਲ ਅਫ਼ਸਰਾਂ ਅਤੇ ਸਬ ਡਵੀਜ਼ਨਲ ਮੈਜਿਸਟ੍ਰੇਟਾਂ ਵੱਲੋਂ ਮਾਲ ਰਿਕਾਰਡ ਦੀ ਸਾਂਭ-ਸੰਭਾਲ ਲਈ ਥਾਂ ਦੀ ਘਾਟ ਦਾ ਮੁੱਦਾ ਰੱਖੇ ਜਾਣ ’ਤੇ ਉਨ੍ਹਾਂ ਉਕਤ ਭਰੋਸਾ ਦਿੰਦਿਆਂ ਕਿਹਾ ਕਿ ਮਾਲ ਰਿਕਾਰਡ ਅਹਿਮ ਡਾਟਾ ਹੋਣ ਕਾਰਨ, ਇਸ ਦੀ ਸੰਭਾਲ ਲਈ ਉਹ ਲੋੜੀਂਦੇ ਰਿਕਾਰਡ ਰੂਮਜ਼ ਦੇ ਅਨੁਮਾਨ ਬਣਾ ਕੇ ਭੇਜਣ ਤਾਂ ਜੋ ਪੰਜਾਬ ਲੈਂਡ ਰਿਕਾਰਡਜ਼ ਸੁਸਾਇਟੀ ਪਾਸੋਂ ਫੰਡਾਂ ਦੀ ਮੰਗ ਕੀਤੀ ਜਾ ਸਕੇ।



ਡਿਪਟੀ ਕਮਿਸ਼ਨਰ ਨੇ ਇਸ ਮੌਕੇ ਮਾਲ ਅਦਾਲਤਾਂ ’ਚ ਲੰਬਿਤ ਕੇਸਾਂ, ਜਮਾਂਬੰਦੀਆਂ ਦੀ ਅਪਡੇਸ਼ਨ, ਇੰਤਕਾਲਾਂ, ਵਸੂਲੀਆਂ ਅਤੇ ਕਬਜ਼ਾ ਵਾਰੰਟ ਸਬੰਧੀ ਮਾਮਲਿਆਂ ’ਤੇ ਐਸ ਡੀ ਐਮਜ਼, ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਪਾਸੋਂ ਪ੍ਰਗਤੀ ਪੁੱਛੀ। ਉਨ੍ਹਾਂ ਆਖਿਆ ਕਿ ਨਿਸ਼ਾਨਦੇਹੀਆਂ, ਇੰਤਕਾਲਾਂ ਅਤੇ ਜਮਾਂਬੰਦੀਆਂ ਦੀ ਅਪਡੇਸ਼ਨ ਨੂੰ ਪਹਿਲ ਦੇ ਆਧਾਰ ’ਤੇ ਕੀਤਾ ਜਾਵੇ।

ਉਨ੍ਹਾਂ ਨੇ ਮੀਟਿੰਗ ਦੌਰਾਨ ਕੇਂਦਰ ਸਰਕਾਰ/ਰਾਜ ਸਰਕਾਰ ਨਾਲ ਸਬੰਧਤ ਜ਼ਮੀਨਾਂ ਦੇ ਸਮੁੱਚੇ ਰਿਕਾਰਡ ਨੂੰ ਵੀ ਅਪਡੇਟ ਕਰਦੇ ਰਹਿਣ ਲਈ ਆਖਿਆ। ਉਨ੍ਹਾਂ ਨੇ ‘ਮੇਂਟੀਨੈਂਸ ਐਂਡ ਵੈਲਫ਼ੇਅਰ ਆਫ਼ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨਜ਼ ਐਕਟ-2007’ ਤਹਿਤ ਮੇਂਟੀਨੈਂਸ ਟ੍ਰਿਬਿਊਨਲ ਵਜੋਂ ਕੰਮ ਕਰ ਰਹੇ ਸਬ ਡਵੀਜ਼ਨਲ ਮੈਜਿਸਟ੍ਰੇਟਾਂ ਨੂੰ ਉਨ੍ਹਾਂ ਕੋਲ ਚੱਲ ਰਹੇ ਮਾਮਲਿਆਂ ਬਾਰੇ ਵੀ ਪੁੱਛਿਆ ਅਤੇ ਇਨ੍ਹਾਂ ਦਾ ਸਮਾਂਬੱਧ ਨਿਪਟਾਰਾ ਕਰਨਾ ਯਕੀਨੀ ਬਣਾਉਣ ਲਈ ਕਿਹਾ।

ਡਿਪਟੀ ਕਮਿਸ਼ਨਰ ਨੇ ਮਾਲ ਅਫ਼ਸਰਾਂ ਨੂੰ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਆਪੋ-ਆਪਣੇ ਇਲਾਕਿਆਂ ਵਿੱਚ ਪੂਰੀ ਨਿਗਰਾਨੀ ਰੱਖਣ ਅਤੇ ਸਤਲੁਜ ’ਚ ਪਾਣੀ ਦੇ ਪੱਧਰ ’ਤੇ ਵੀ ਨਜ਼ਰ ਰੱਖਣ ਲਈ ਕਿਹਾ।

ਮੀਟਿੰਗ ਵਿੱਚ ਏ ਡੀ ਸੀ (ਜ) ਰਾਜੀਵ ਵਰਮਾ, ਐਸ ਡੀ ਐਮਜ਼ ਡਾ. ਬਲਜਿੰਦਰ ਸਿੰਘ ਢਿੱਲੋਂ ਤੇ ਸੂਬਾ ਸਿੰਘ, ਸਹਾਇਕ ਕਮਿਸ਼ਨਰ ਦੀਪਾਂਕਰ ਗਰਗ, ਜ਼ਿਲ੍ਹਾ ਮਾਲ ਅਫ਼ਸਰ ਅਮਰਦੀਪ ਥਿੰਦ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਰਾਜਕਿਰਨ ਕੌਰ, ਤਹਿਸੀਲਦਾਰ ਨਵਾਂਸ਼ਹਿਰ ਕੁਲਦੀਪ ਸਿੰਘ ਤੋਂ ਇਲਾਵਾ ਬੰਗਾ ਤੇ ਬਲਾਚੌਰ ਦੇ ਮਾਲ ਵਿਭਾਗ ਨਾਲ ਸਬੰਦਤ ਸਰਕਲ ਅਫ਼ਸਰ ਵੀ ਮੌਜੂਦ ਸਨ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**

## ਲੜਕੀ ਦੀ ਲੋੜ

Looking for suitable match for Sikh Saini Boy 41, 5`10`` Canadian born,Clean shaven, Never married, Job and Study in Marketing, Canadian PR, Student Visa, Work Visa, Visitor visa, New Immigrants , Girls in India, US ,Europe will consider. Cast no bar. Please send bio-data with picture,
E Mail: ravidhamrait123@hotmail.com , Tel.No. 1-416-781-0767

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **‘PR’** ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 31 ਸਾਲ ਕੱਦ 5 ਫੁੱਟ 6 ਇੰਚ ਕੈਨੇਡੀਅਨ ਸਿਟੀਜ਼ਨ ਪਰਿਵਾਰਕ ਲੜਕੀ ਲਈ ਪੜ੍ਹੇ ਲਿਖੇ ਵੈੱਲ ਸੈਟਲਡ ਪਰਿਵਾਰਕ ਲੜਕੇ ਦੀ ਲੋੜ਼ ਹੈ ਜਾਣਕਾਰੀ ਲਈ 6475268700, 4166253208

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






# ਭੇਦ ਭਰਿਆ ਰਾਕੇਟ ਚੰਦ ਨਾਲ ਜਾ ਟਕਰਾਇਆ

ਲੰਡਨ, 29 ਜੂਨ (ਪੋਸਟ ਬਿਊਰੋ)- ਚੰਦ ਉੱਤੇ ਚਾਰ ਮਹੀਨੇ ਪਹਿਲਾਂ ਇੱਕ ਰਾਕੇਟ ਜਾ ਵੱਜਾ, ਉਸ ਨਾਲ ਦੋ ਖੱਡੇ ਬਣੇ। ਨਾਸਾ ਦੇ ਲੂਨਰ ਰਿਕਾਨਸੈਂਸ ਆਰਬੀਟਰ ਨੇ ਖੱਡਿਆਂ ਨੂੰ ਲੱਭ ਲਿਆ, ਪਰ ਰਾਕੇਟ ਦੇ ਟੁਕੜਿਆਂ ਦੀ ਕੋਈ ਖੋਜ-ਖਬਰ ਨਹੀਂ ਹੈ। ਵਿਗਿਆਨੀਆਂ ਲਈ ਹੋਰ ਦਿੱਕਤ ਹੈ ਕਿ ਆਮ ਤੌਰ ਉੱਤੇ ਰਾਕੇਟ ਦੀ ਟੱਕਰ ਨਾਲ ਇੱਕ ਖੱਡਾ ਬਣਦਾ ਹੈ, ਪਰ ਇੱਥੇ ਨਾਲੋ-ਨਾਲ ਦੋ ਖੱਡੇ ਹਨ। ਕੋਈ ਵੀ ਵਸਤੂ ਵੱਜਣ ਨਾਲ ਇੱਕੋ ਜਗ੍ਹਾ ਉੱਤੇ ਦੋ ਖੱਡੇ ਨਹੀਂ ਬਣ ਸਕਦੇ।

ਇਹ ਗੁੱਥੀ ਵਿਗਿਆਨੀਆਂ ਤੋਂ ਸੁਲਝ ਨਹੀਂ ਰਹੀ। ਚਾਰ ਮਾਰਚ 2022 ਨੂੰ ਇੱਕ ਰਾਕੇਟ ਬੂਸਟਰ ਚੰਦ ਦੇ ਹਨੇਰੇ ਵਾਲੇ ਹਿੱਸੇ ਨਾਲ ਟਕਰਾਇਆ ਸੀ। ਐਲ ਆਰਓ ਨੇ ਤਸਵੀਰਾਂ 25 ਮਈ 2022 ਨੂੰ ਲਈਆਂ ਹਨ। ਤਸਵੀਰਾਂ ਜਦ ਵਿਗਿਆਨੀਆਂ ਨੂੰ ਹਾਸਲ ਹੋਈਆਂ, ਤਦ ਤੋਂ ਉਹ ਹੈਰਾਨ ਹਨ। ਦਿੱਕਤ ਇਹ ਹੈ ਕਿਸੇ ਇੱਕ ਚੀਜ਼ ਦੀ ਟੱਕਰ ਨਾਲ ਇੱਕ ਹੀ ਖੱਡਾ ਬਣਦਾ ਹੈ, ਪ੍ਰੰਤੂ ਇੱਥੇ ਇਕੱਠੇ ਦੋ ਖੱਡੇ ਬਣੇ ਹਨ। ਅਜਿਹਾ ਵੀ ਨਹੀਂ ਕਿ ਪਹਿਲਾਂ ਹੀ ਉਥੇ ਖੱਡਾ ਹੋਵੇ। ਉਹ ਮੈਦਾਨੀ ਇਲਾਕਾ ਸੀ। ਇਸ ਤੋਂ ਪਹਿਲਾਂ ਅਪੋਲੋ ਐਸ-ਆਈ ਵੀ ਬੀ ਐਸ ਦੇ ਕਈ ਰਾਕੇਟ ਬੂਸਟਰ

*** ਦੋ ਖੱਡੇ ਬਣਾਏ, ਨਾਸਾ ਵਿਗਿਆਨੀ ਮੁੱਦਾ ਨਹੀਂ ਸੁਲਝਾ ਸਕੇ**

ਚੰਦ ਉੱਤੇਡਿੱਗੇ, ਪ੍ਰੰਤੂ ਕਿਸੇ ਨੇ ਵੀ ਡਬਲ ਕ੍ਰੇਟਰ ਨਹੀਂ ਬਣਾਇਆ। ਅਜਿਹਾ ਨਹੀਂ ਕਿ ਇਹ ਹੋ ਨਹੀਂ ਸਕਦਾ, ਪਰ ਇਹ ਲਗਭਗ ਅਸੰਭਵ ਹੈ। ਜੇ ਕੋਈ ਵਸਤੂ ਘੱਟ ਐਂਗਲ ਤੋਂ ਜਾ ਕੇ ਚੰਦ ਦੀ ਸਤ੍ਹਾ ਨਾਲ ਟਕਰਾਉਂਦੀ ਹੈ ਤਾਂ ਡਬਲ ਕ੍ਰੇਟਰ ਬਣਨ ਦੀ ਉਮੀਦ ਰਹਿੰਦੀ ਹੈ, ਪ੍ਰੰਤੂ ਇੱਥੇ ਅਜਿਹਾ ਨਹੀਂ ਲੱਗ ਰਿਹਾ।ਪੁਲਾੜੀ ਵਿਗਿਆਨੀ ਬਿਲ ਗ੍ਰੇ ਨੇ ਸਭ ਤੋਂ ਪਹਿਲਾਂ ਇਨ੍ਹਾਂ ਖੱਡਿਆਂ ਨੂੰ ਲੱਭਿਆ ਸੀ। ਇਨ੍ਹਾਂ ਨੇ ਜਨਵਰੀ 2022 ਵਿੱਚ ਰਾਕੇਟ ਬੂਸਟਰ ਦੇ ਚੰਦ ਨਾਲ ਵੱਜਣ ਦੀ ਭਵਿੱਖਬਾਣੀ ਕੀਤੀ ਸੀ। ਬਿਲ ਗ੍ਰੇ ਕਹਿੰਦੇ ਹਨ ਕਿ ਰਾਕੇਟ ਦੀ ਦਿਸ਼ਾ ਤੇ ਦਸ਼ਾ ਦਾ ਗਣਿਤ ਦੱਸਦਾ ਹੈ ਕਿ ਇਹ ਵਰਟੀਕਲੀ 15 ਡਿਗਰੀ ਐਂਗਲ ਤੋਂ ਜਾ ਕੇ ਵੱਜਾ ਹੋਵੇਗਾ। ਇਸ ਲਈ ਦੋ ਖੱਡੇ ਬਣਨ ਦੀ ਉਮੀਦ ਨਹੀਂ ਲੱਗਦੀ। ਇੱਥੇ ਦੋ ਖੱਡੇ ਹਨ। ਪਹਿਲਾ ਪੂਰਬ ਦਿਸ਼ਾ ਵਿੱਚ ਜਿਸ ਦਾ ਵਿਆਸ 18 ਮੀਟਰ ਹੈ, ਇਹ ਪੱਛਮੀ ਖੱਡੇ ਦੇ ਉਪਰ ਚੜ੍ਹਿਆ ਹੈ। ਪੱਛਮੀ ਖੱਡਾ 16 ਮੀਟਰ ਵਿਆਸ ਦਾ ਹੈ।

